ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥

(ਬਚਿਤ੍ਰ ਨਾਟਕ, ਅਧਿਆਇ ੬)

DEC 1992

ਦਸੰਬਰ ੧੯੯੨

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ

ਵਾਹ ਵਾਹ ਗੋਬਿੰਦ ਸਿੰਘ

ਆਪੇ ਗੁਰ ਚੇਲਾ

ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਗੁਰਪੁਰਬ ਲੁਧਿਆਣਾ ਵਿਖੇ
ਅਖੰਡ ਕੀਰਤਨੀ ਜਥਿਆਂ ਵਲੋਂ 29-12-92 ਤੋਂ 1-1-93 ਤਕ ਮਨਾਇਆ ਜਾ ਰਿਹਾ ਹੈ ।

www.AKJ.Org

# ਤ ਤ ਕ ਰਾ


| | | |
|---|---|---|
| ਤੁਮ ਹੋ ਸਭ ਰਾਜਨ ਕੇ ਰਾਜਾ | ੩ | ਸ੍ਰੀ ਦਸਮ ਗ੍ਰੰਥ ਵਿਚੋਂ |
| ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬੇਨਜ਼ੀਰ ਕਰਮਵੀਰ ਦਸਮੇਸ਼ ਪਿਤਾ ਜੀ | ੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਭਗਉਤੀ ਸ਼ਬਦ | ੧੨ | 'ਸ੍ਰੀ ਭਗਉਤੀ ਪ੍ਰਬੋਧ' ਵਿਚੋਂ |
| ਭੀਖਨ ਸ਼ਾਹ ਫ਼ਕੀਰ | ੧੩ | ਭਾ: ਸਾ: ਭਾਈ ਵੀਰ ਸਿੰਘ ਜੀ |
| ਦਸਮੇਸ਼ ਜੀ ਦੀ ਰਚਨਾ—ਅਕਾਲ ਉਸਤਤਿ | ੧੬ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਸਾਹਿਬਜ਼ਾਦਿਆਂ ਦੀ ਸ਼ਹੀਦੀ | ੨੦ | ਭਾਈ ਨਰੈਣ ਸਿੰਘ ਜੀ ਐਮ.ਏ. |
| ਸੇਈ ਗੁਰਮੁਖਿ ਪਿਆਰੇ ਮੇਲਿ | ੨੫ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਦੇਗ ਤੇਗ ਫ਼ਤਹ | ੨੮ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਭਾਈ ਗੁਰਬਖਸ਼ ਸਿੰਘ ਜੀ ਕਮਾਲਪੁਰਾ (੩) | ੩੨ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਬਿਤ ਸਵਯੇ ਭਾਈ ਗੁਰਦਾਸ ਜੀ (੧੧) | ੩੭ | — — — |
| ਭੂਰਿਆਂ ਵਾਲੇ ਰਾਜੇ ਕੀਤੇ (੩੩) | ੪੧ | ਕੈਪਟਿਨ ਸਵਰਨ ਸਿੰਘ ਜੀ |
| ਗੁਰਮਤਿ ਅਨਹਦ ਸ਼ਬਦ | ੪੬ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਵਰਤਿਆ ਪਾਪ ਸਭਸ ਜਗ ਮਾਹੀ | ੪੯ | ਐਡੀਟਰ 'ਸਿਖ ਸੰਜੋਗ' |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੩੧ ਦਸੰਬਰ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ

੨. ਪਟਿਆਲਾ—

੩. ਜਲੰਧਰ—ਭਾਈ ਤ੍ਰਿਲੋਕ ਸਿਘ ਜੀ, ਮੈਂ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘ ਤੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ

੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫ (੧੨੧੦੦੧)

੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੌਗਰਾਂ ਦਾ ਹਸਪਤਾਲ

੧੧. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349

੧੨. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੨-੯੨ ਨੂੰ ਪ੍ਰਕਾਸ਼ਤ ਕੀਤ

www.AKJ.Org

# ਸੂਰਾ

ਮਾਸਿਕ ਪੱਤਰ — ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

**Foreign Subscription**

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |

**ਪਰਦੇਸ (ਸਾਰੇ)**

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੬ ਦਸੰਬਰ ੧੯੯੨ ਅੰਕ ੧੨


## ਤੁਮ ਹੋ ਸਭ ਰਾਜਨ ਕੇ ਰਾਜਾ

ਮਹਾਂ ਕਾਲ ਰਖਵਾਰ ਹਮਾਰੋ ॥ ਮਹਾਂ ਲੋਹ ਮੈਂ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥ ਬਾਂਹ ਗਹੇ ਕੀ ਲਾਜ ਬਿਚਾਰ ॥੪੩੫॥
ਅਪਨਾ ਜਾਨ ਮੁਝੈ ਪ੍ਰਤਿਪਰੀਐ ॥ ਚੁਨ ਚੁਨ ਸਤ੍ਰ ਹਮਾਰੇ ਮਰੀਐ ॥
ਦੇਗ ਤੇਗ ਜਗ ਮੈ ਦੋਊ ਚਲੈ ॥ ਰਾਖ ਆਪ ਮੁਹਿ ਅਵਰ ਨ ਦਲੈ ॥੪੩੬॥
ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥ ਤੁਮ ਸਾਹਿਬ ਮੈਂ ਦਾਸ ਤਿਹਾਰਾ ॥
ਜਾਨ ਅਪਨਾ ਮੁਝੈ ਨਿਵਾਜ ॥ ਆਪ ਕਰੋ ਹਮਰੇ ਸਭ ਕਾਜ ॥੪੩੭॥
ਤੁਮ ਹੋ ਸਭ ਰਾਜਨ ਕੇ ਰਾਜਾ ॥ ਆਪੇ ਆਪੁ ਗਰੀਬ ਨਿਵਾਜਾ ॥
ਦਾਸ ਜਾਨ ਕਰਿ ਕ੍ਰਿਪਾ ਕਰਹੁ ਮੁਹਿ॥ ਹਾਰ ਪਰਾ ਮੈਂ ਆਨ ਦ੍ਵਾਰ ਤੁਹਿ॥੪੩੮॥
ਅਪਨਾ ਜਾਨ ਕਰੋ ਪ੍ਰਤਿਪਾਰਾ ॥ ਤੁਮ ਸਾਹਿਬੁ ਮੈਂ ਕਿੰਕਰ ਥਾਰਾ ॥
ਦਾਸ ਜਾਨ, ਦੇ ਹਾਥ ਉਬਾਰੋ ॥ ਹਮਰੇ ਸਭ ਬੈਰੀਅਨ ਸੰਘਾਰੋ ॥੪੩੯॥

[ਦਸਮ ਗ੍ਰੰਥ, ਕ੍ਰਿਸ਼ਨਾਵਤਾਰ



www.AKJ.Org

# ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ

[ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਜੀ ਨੂੰ ਅਨੇਕਾਂ ਖੰਡੇ-ਖੜਗੇਸ਼ੀ, ਤੇਜ ਪ੍ਰਤਾਪੀ, ਤੇਜੱਸਵੀ ਨਾਵਾਂ ਨਾਲ ਸੰਕੇਤ ਕੀਤਾ ਹੈ। ਜੈਸਾ ਕਿ—

ਅਸਿ ਧੁਜ ਜੀ, ਸ੍ਰੀ ਕਾਲ ਜੀ, ਖੜਗ ਕੇਤ ਜੀ, ਅਸਿਪਾਨ ਜੀ, ਖੜਗੇਸ਼ ਜੀ, ਮਹਾਂ ਕਾਲ ਜੀ ਆਦਿਕ ਅਨੇਕਾਂ ਨਾਮ ਸ੍ਰੀ ਦਸਮੇਸ਼ ਮੁਖਵਾਕ ਬਾਣੀ ਵਚਿੱਤ੍ਰ ਨਾਟਕ ਵਿਖੇ ਆਉਂਦੇ ਹਨ ਅਤੇ ਕਿਤੇ ਵੀ ਦੇਵੀ ਦੇ ਅਰਥਾਂ ਵਿਚ 'ਭਗਉਤੀ' ਪਦ ਨੂੰ ਨਹੀਂ ਵਰਤਿਆ। ਸ੍ਰੀ ਅਕਾਲ ਪੁਰਖ ਜੀ ਖੜਗਕੇਤ ਪਾਸੋਂ, ਖੰਡੇ-ਖੜਗੇਸ਼ੀ ਨਾਮ ਦੀ ਦੀਖਿਆ ਲੈ ਕੇ ਜਦੋਂ ਦੁਰਗਾ ਨੇ ਹੱਥ ਵਿਚ ਭਗਉਤੀ (ਸ੍ਰੀ ਸਾਹਿਬ) ਫੜੀ ਤਾਂ ਸਰਬੱਤ੍ਰ ਦੈਂਤਾਂ ਰਾਖਸ਼ਾਂ ਦਾ ਦਾਹ (ਨਾਸ਼) ਹੋਇਆ। ਜੈਸਾ ਕਿ—

ਤੈਂ ਹੀ ਦੁਰਗਾ ਸਾਜਿ ਕੇ ਦੈਂਤਾਂ ਦਾ ਨਾਸੁ ਕਰਾਇਆ ॥੧॥ ਚੰਡੀ ਦੀ ਵਾਰ, ਪਾ: ੧੦

ਰੂਪੀ ਸ੍ਰੀ ਗੁਰੂ ਦਸਮੇਸ਼ ਮੁਖਵਾਕ ਵਿਖੇ ਵਰਨਣ ਹੈ। ਅਕਾਲ ਪੁਰਖ ਜਿਸ ਨੂੰ ਬਲ ਬਖਸ਼ੇ ਤੇ ਆਪਣਾ ਤੇਜੱਸਵੀ ਬਲ ਪ੍ਰਦਾਨ ਕਰੇ, ਓਸੇ ਤੋਂ ਹੀ ਦੁਸ਼ਟਾਂ ਦੈਂਤਾਂ ਦੇ ਵਿਨਾਸ਼ ਕਰਨ ਦੀ ਸੇਵਾ ਲੈ ਸਕਦਾ ਹੈ। ਐਥੋਂ ਤਾਈਂ ਕਿ—

ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥੫॥ (੧੭)

ਗਉੜੀ ਸੁਖਮਨੀ ਮ: ੫, ਪੰਨਾ ੨੮੫

ਗੁਰਵਾਕ ਦੇ ਭਾਵ ਅਨੁਸਾਰ ਕਲਾਧਾਰੀ ਅਕਾਲ ਪੁਰਖ ਜੇ ਨਿੱਕੀ ਜਿਹੀ ਕੀੜੀ ਨੂੰ ਬਲ ਪ੍ਰਦਾਨ ਕਰੇ ਤਾਂ ਉਸ ਕੀੜੀ ਵਿਚ ਕਲਾ-ਕ੍ਰਿਸ਼ਮੀ ਤੇਜੱਸਵੀ ਬਲ ਪਾ ਕੇ, ਉਸੇ ਕੀੜੀ ਪਾਸੋਂ ਲੱਖਾਂ ਕਰੋੜਾਂ ਦੂਤੀ ਲਸ਼ਕਰਾਂ ਨੂੰ ਫ਼ਨਾਹ ਤੇ ਭਸਮ ਕਰਾ ਸਕਦਾ ਹੈ।

ਦੁਰਗਾ ਨੂੰ ਮਹਿਜ਼ ਇਕ ਤ੍ਰੀਮਤ ਮਤ ਖ਼ਿਆਲ ਕਰੋ, ਦੇਵੀ ਮਤ ਖ਼ਿਆਲ ਕਰੋ, ਉਸ ਅੰਦਰ ਅਕਾਲ ਪੁਰਖ ਨੇ ਕਲਾ-ਕ੍ਰਿਸ਼ਮੀ ਤੇ ਆਕ੍ਰਖਣੀ ਬਲ ਪਾਇਆ ਤਾਂ ਅਨੇਕਾਂ ਸਮੂਹ ਦੈਂਤਾਂ ਦਾ ਨਾਸ਼ ਕਰਾਇਆ। ਇਸ ਕਲਾ-ਕ੍ਰਿਸ਼ਮੀ ਬਲ ਬਿਹੂਣ ਤੇ ਖੜਗ-ਪ੍ਰਤਾਪੀ-ਦੀਖਿਆ ਹੀਣ ਭਾਵੇਂ ਲੱਖ ਕੋਟਿ ਖੂਹਣੀਆਂ ਦੇ ਲਸ਼ਕਰਾਂ ਦੇ ਲਸ਼ਕਰ ਹੋਣ, ਉਹਨਾਂ ਤੋਂ ਕੁਝ ਵੀ ਨਹੀਂ ਸਰ ਸਕਦਾ। ਭਾਵੇਂ ਅਜਿਹੇ ਨਿਗੁਰੇ, ਗੁਰ-ਦੀਖਿਆ-ਹੀਣ ਲਸ਼ਕਰਾਂ ਦੇ ਸਮੱਗਰ ਨਿਪੁੰਸਕ ਅਖੌਤੀ ਜੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਕਿਉਂ ਨਾ ਫੜਾਈਆਂ ਜਾਣ। ਇਹੋ ਕਾਰਨ ਹੈ ਕਿ ਸ਼ਸਤਰ ਰੂਪੀ ਸ੍ਰੀ ਸਾਹਿਬ (ਭਗਉਤੀ) ਤੋਂ ਸ੍ਰੀ ਦਸਮੇਸ਼ ਜੀ ਦੇ ਸਾਜੇ ਨਿਵਾਜੇ ਖਾਲਸਾ ਜੀ ਹੀ ਵਰੋਸਾਏ ਗਏ ਅਤੇ ਹੁਣ ਵੀ ਵਰੋਸਾਏ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ ਤੇ ਛਕਿਆ ਹੋਇਆ ਹੁੰਦਾ ਹੈ। ਬਿਨਾਂ ਤਿਸ ਖੰਡੇਧਾਰ ਪਾਹੁਲ ਛਕੇ ਦੇ, ਖੰਡੇ-ਖੜਗੇਸ਼ੀ ਗੁਰ-ਦੀਖਿਆ ਲਏ ਦੇ, ਇਹ ਸ੍ਰੀ ਸਾਹਿਬ ਰੂਪੀ ਤਲਵਾਰ ਯੁੱਧ ਵਿਖੇ ਕਿਸੇ ਦੇ ਕੰਮ ਨਹੀਂ ਆ ਸਕਦੀ। ਜਿਨ੍ਹਾਂ ਨੂੰ ਖੰਡੇ ਪ੍ਰਤਾਪੀ ਸ੍ਰੀ ਸਾਹਿਬ ਦਾ ਸਨਮਾਨ ਤੇ ਗੁਰਮਤਿ ਸਤਿਕਾਰ ਹੈ, ਉਨ੍ਹਾਂ ਦੇ ਹੱਥਾਂ ਵਿਚ ਆਇਆਂ ਹੀ ਸ੍ਰੀ ਸਾਹਿਬ ਸੱਚਾ ਸ਼ੋਭਨੀਕ ਖੰਡੇਧਾਰ ਵਾਹ ਦਾਹ ਦਾ ਕੰਮ ਲੈ ਸਕਦੀ ਹੈ। ਸ੍ਰੀ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤੇ ਹਨ—

ਅਸਿ ਕ੍ਰਿਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥੩॥ —ਸ਼ਸਤ੍ਰਨਾਮ ਮਾਲਾ, ਦਸਮ ਗ੍ਰੰਥ

ਸੋ ਸ੍ਰੀ ਦਸਮੇਸ਼ ਜੀ ਨੇ ਸਮੂਹ ਸ਼ਸਤਰਾਂ ਦਾ ਯਥਾ ਜੋਗ ਸਨਮਾਨ ਸਤਿਕਾਰ ਐਥੋਂ ਤਕ ਕੀਤਾ ਹੈ ਕਿ ਸ਼ਸਤਰਾਂ ਨੂੰ ਪੀਰ ਕਰਕੇ ਪੂਜਣ ਦੀ ਸਿੱਖਿਆ ਦਿੱਤੀ ਹੈ। ਪਰ ਇਸ ਦਾ ਅਰਥ ਇਹ ਹਰਗਿਜ਼ ਨਹੀਂ ਜੈਸੇ ਕਿ ਅੱਜ ਕਲ੍ਹ ਦੇ ਧੁਰ ਤੋਂ ਬਿਗੜੇ ਹੋਏ ਹਿੰਦੂ ਖ਼ਿਆਲਾਂ ਵਾਲੇ ਲਹੂ ਦਾ ਤਿਲਕ ਸ਼ਸਤਰਾਂ ਨੂੰ ਲਾ ਕੇ ਪੂਜਦੇ ਹਨ।



www.AKJ.Org

ਇਹ ਉਨ੍ਹਾਂ ਦੀ ਨਿਰੀ ਮਨਮਤਿ ਹੈ।

ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਤੇਜ ਪ੍ਰਤਾਪੀ ਸ਼ਸਤਰ ਸਨਮਾਨਕ ਖੜਗਧਾਰੀ ਸਿੰਘਾਂ ਦੇ ਹੱਥਾਂ ਵਿਚ ਆਈ ਤਲਵਾਰ ਹੀ ਸੱਚੀ ਭਗਉਤੀ (ਸ੍ਰੀ ਸਾਹਿਬ) ਦਾ ਕੰਮ ਦੇ ਸਕਦੀ ਹੈ। ਸ੍ਰੀ ਅਕਾਲ ਪੁਰਖ ਖੜਗਕੇਤ ਦੀ ਬਖਸ਼ੀ ਹੋਈ ਖੰਡਾ-ਖੜਗੇਸ਼ੀ-ਕਲਾ ਦਾ ਨਾਮ ਹੀ ਭਗਉਤੀ ਹੈ। ਭਗਉਤੀ ਦੇ ਅਰਥ ਦੇਵੀ ਦੇ ਕਰਨੇ ਨਿਰੇ ਮਨਮਤੀ ਅਗਿਆਨੀ ਪੁਰਸ਼ਾਂ ਦਾ ਕੰਮ ਹੈ। "ਲਈ ਭਗਉਤੀ ਦੁਰਗਸ਼ਾਹ"* ਦੇ ਅਰਥ ਹਰਗਿਜ਼ ਇਹ ਨਹੀਂ ਹੋ ਸਕਦੇ ਕਿ ਦੁਰਗਾ ਰੂਪੀ ਦੇਵੀ ਨੇ ਹੱਥ ਵਿਚ ਦੇਵੀ ਫੜੀ। ਤਾਂ ਤੇ ਇਹ ਸਿੱਧ ਹੋਇਆ ਕਿ ਸ੍ਰੀ ਦਸਮੇਸ਼ ਜੀ ਨੇ ਕਿਤੇ ਵੀ ਭਗਉਤੀ ਦੇ ਅਰਥ ਦੇਵੀ ਦੇ ਨਹੀਂ ਕੀਤੇ। ਇਹ ਨਿਰੇ ਮਨਮਤੀ ਅਗਿਆਨੀਆਂ ਦੀ ਕਾਢ ਹੈ।

ਧੰਨ ਜੀਓ ਤਿਹ ਕੌ ਜਗ ਮੈਂ ਮਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥ [ਕ੍ਰਿਸ਼ਨਅਵਤਾਰ, ੨੪੯੨-੧

ਵਾਲੇ ਕਲਾਧਾਰੀ ਖਾਲਸਾ ਜੀ ਦੇ ਹੱਥਾਂ ਵਿਚ ਹੀ ਇਹ ਭਗਉਤੀ ਸ੍ਰੀ ਸਾਹਿਬ ਹੋ ਕੇ ਸੋਂਹਦੀ ਹੈ। ਸਿਰਾਂ ਧੜਾਂ ਦੀ ਬਾਜ਼ੀ ਲਾਉਣ ਵਾਲੇ ਸ੍ਰੀ ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤ-ਪਾਨੀ-ਸਿੰਘ ਹੀ ਭਗਉਤੀ ਪਦ ਦੇ ਇਨ੍ਹਾਂ ਕ੍ਰਿਸ਼ਮਕ ਅਰਥਾਂ ਨੂੰ ਜਾਣ ਸਕਦੇ ਹਨ। ਹੋਰਨਾਂ ਨੂੰ ਕੀ ਸੂਝ ਹੈ।

ਮੂੜ੍ਹ ਅਗਿਆਨੀ, ਜੋ ਗੁਰਮਤਿ ਬਾਣੀ ਦੇ ਤੱਤ ਅਰਥਾਂ ਤੋਂ ਅਗਿਆਤ ਹਨ, ਉਹ ਤਾਂ ਸ੍ਰੀ ਦਸਮੇਸ਼ ਜੀ ਦੇ ਇਸ ਮੁਖਵਾਕ 'ਮਹਾ ਕਾਲ ਕਾਲਕਾ ਅਰਾਧੀ"† ਦੇ ਅਰਥ ਵੀ ਇਸ ਪ੍ਰਕਾਰ ਅਰਥਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ "ਮਹਾ ਕਾਲ" ਤੇ "ਕਾਲਕਾ ਦੇਵੀ" ਦਾ ਅਰਾਧਨ ਕੀਤਾ। ਹਾਲਾਂਕਿ ਤੱਤ ਗੁਰਮਤਿ ਅਰਥ ਇਹ ਹਨ ਕਿ ਸ੍ਰੀ ਦਸਮੇਸ਼ ਜੀ ਨੇ ਮਹਾਂ ਕਾਲ ਰੂਪੀ ਕਾਲਕਾ ਨੂੰ ਅਰਾਧਨ ਕੀਤਾ। ਮਹਾਂ ਕਾਲ (ਅਕਾਲ ਪੁਰਖ) ਹੀ ਸ੍ਰੀ ਦਸਮੇਸ਼ ਜੀ ਦੇ ਨਿਕਟ ਸਭ ਕੁਛ ਸੀ। ਕਾਲਕਾ ਭੀ ਮਹਾਂ ਕਾਲ (ਅਕਾਲ ਪੁਰਖ)ਸੀ। ਇਸੇ ਤਰ੍ਹਾਂ "ਮਹਾਂ ਕਾਲ ਰਖਵਾਰ ਹਮਾਰੋ"‡ ਵਿਚ ਵੀ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਹੀ ਹੈ।

ਇਸੇ ਪ੍ਰਕਾਰ ਸ੍ਰੀ ਦਸਮੇਸ਼ ਜੀ ਦੇ ਅਰਥਾਂ ਵਿਚ 'ਭਗਉਤੀ' ਪਦ ਮਹਾਂ ਕਾਲ (ਅਕਾਲ ਪੁਰਖ) ਦੇ ਅਰਥਾਂ ਵਿਚ ਘਟਦਾ ਹੈ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ 'ਕਾਲਕਾ' ਪਦ ਨੂੰ 'ਮਹਾਕਾਲ' ਪਦ ਤੋਂ ਵਖਰਾ ਅਰਥਾਇਆ ਜਾਵੇ ਅਤੇ ਇਉਂ ਅਰਥ ਕੀਤੇ ਜਾਣ ਕਿ ਮਹਾਂ ਕਾਲ ਤੇ ਕਾਲਕਾ ਦੋਹਾਂ ਦਾ ਸ੍ਰੀ ਗੁਰੂ ਦਸਮੇਸ਼ ਜੀ ਨੇ ਅਰਾਧਨ ਕੀਤਾ ਤਾਂ ਸ੍ਰੀ ਗੁਰੂ ਦਸਮੇਸ਼ ਜੀ ਦਾ ਨਾਲ ਲਗਦਾ ਹੀ ਅਗਲਾ ਸ੍ਰੀ ਮੁਖਵਾਕ ਪਦ ਪੰਗਤਾ ਇਨ੍ਹਾਂ ਮਹਾਂ ਅਗਿਆਨੀਆਂ ਦੇ ਮੂੰਹ ਉੱਤੇ ਬੜੀ ਕਸਵੀਂ ਚਪੇੜ ਲਾਉਂਦਾ ਹੈ। ਉਹ ਅਗਲਾ ਪੰਗਤਾ ਇਉਂ ਹੈ:—

ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥੩॥ ਬ਼ਚਿਤ੍ਰ ਨਾਟਕ, ਅਧਿਆਇ ੬

ਭਾਵ-ਅਰਥ ਇਹ ਕਿ ਸ੍ਰੀ ਗੁਰੂ ਦਸਮੇਸ਼ ਜੀ ਉਚਾਰਦੇ ਹਨ ਕਿ ਅਸੀਂ ਅਕਾਲ ਪੁਰਖ ਦੀ ਐਸੀ ਅਰਾਧਨਾ ਕੀਤੀ ਕਿ ਮੈਂ ਤੇ ਅਕਾਲ ਪੁਰਖ ਦੋਇ ਰੂਪਾਂ ਤੋਂ ਇਕ ਰੂਪ ਵਿਚ ਹੋ ਗਏ। ਅਰਥਾਤ ਅਸੀਂ ਅਕਾਲ ਪੁਰਖ ਦੇ ਰੂਪ ਵਿਚ ਸਮਾੱ ਕੇ ਇਕ ਰੂਪ ਹੀ ਹੋ ਗਏ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥ ਹੀ ਠੀਕ ਸਮਝੇ ਜਾਣ ਤਾਂ ਇਹ ਅਗਲਾ ਪੰਗਤਾ "ਦ੍ਵੈ ਤੇ ਏਕ ਰੂਪ" ਦੇ ਥਾਉਂ "ਤ੍ਰੈ ਤੇ ਏਕ ਰੂਪ ਹ੍ਵੈ ਗਇਓ" ਚਾਹੀਦਾ ਸੀ, ਕਿਉਂਕਿ ਅਗਿਆਨੀਆਂ ਦੇ ਭਾਵ ਅਨੁਸਾਰ 'ਮਹਾ ਕਾਲ' ਦੇ ਨਾਲ 'ਕਾਲਕਾ' ਵੀ ਅਰਾਧਨੀ ਸਿੱਧ ਹੁੰਦੀ ਹੈ। 'ਮਹਾਕਾਲ' ਤੇ 'ਕਾਲਕਾ' ਦੇ ਸਰੂਪ ਇਹ ਹੋਏ ਵੱਖ ਵੱਖ, ਤੀਜਾ ਸਰੂਪ ਅਰਾਧਨਹਾਰੇ ਦਾ ਹੋਇਆ, ਤਾਂ ਤੇ "ਤ੍ਰੈ ਤੇ ਏਕ ਰੂਪ ਹ੍ਵੈ ਗਇਓ" ਪੰਗਤਾ ਹੀ ਉਨ੍ਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ ਅਰੋਪਿਆ ਸਿੱਧ ਹੁੰਦਾ। ਪ੍ਰੰਤੂ ਉਥੇ ਸ੍ਰੀ ਮੁਖਵਾਕ ਅੰਦਰ ਸਪੱਸ਼ਟ ਤੌਰ ਤੇ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਹੀ ਸ਼ੁੱਧ ਪੰਗਤਾ ਹੈ। ਇਸੇ ਤਰ੍ਹਾਂ

* ਚੰਡੀ ਦੀ ਵਾਰ, ਪਉੜੀ ੫੩   † ਬਚਿਤ੍ਰ ਨਾਟਕ, ਅਧਿਆਇ ੬, ਅੰਕ ੨   ‡ ਕ੍ਰਿਸ਼ਨਾ ਅਵਤਾਰ, ਅੰਕ ੪੩੫-੧



www.AKJ.Org

ਇਨ੍ਹਾਂ ਮਹਾਂ ਅਗਿਆਨੀਆਂ ਦੀ ਕੁਬੁਧਿ ਅਤੇ ਕੁਸਮਝ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਉਚਾਰਨ ਕੀਤੀ ਵਾਰ ਵਿਚ 'ਭਗਉਤੀ' ਪਦ ਦੇ ਅਰਥਾਂ ਦਾ ਮੁਗ਼ਾਲਤਾ ਹੈ। ਸਾਰੀ ਗੁਰਬਾਣੀ ਤਾਂ ਇੱਕੋ ਅਕਾਲ ਪੁਰਖ ਦੀ ਉਪਾਸ਼ਨਾ ਹੀ ਦ੍ਰਿੜ੍ਹਾਉਂਦੀ ਹੈ। ਯਥਾ ਗੁਰਵਾਕ—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥੩੧॥ [ਮਾਝ ਮ: ੫, ਪੰਨਾ ੧੦੩

ਭਾਵ, ਅਕਾਲ ਪੁਰਖ (ਵਾਹਿਗੁਰੂ) ਹੀ ਸਾਡਾ ਪਿਤਾ ਮਾਤਾ ਹੈ। ਉਹ ਹੀ ਅਸਾਡਾ ਬੰਧਪ ਭਾਈ ਹੈ। ਅਕਾਲ ਪੁਰਖ ਹੀ ਸਾਡਾ ਸਭ ਥਾਈਂ ਰਾਖਾ ਹੈ। ਤਾਂ ਤੇ ਕਿਸੇ ਪ੍ਰਕਾਰ ਦਾ ਭੈ ਜਾਂ ਡਰ ਸਾਨੂੰ ਨਹੀਂ ਹੈ।

ਜੇ ਕੋਈ ਮਹਾਂ ਅਗਿਆਨੀ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਦੇ ਅਰਥ ਇਉਂ ਅਰਥਾਵੇ ਕਿ ਅਕਾਲ ਪੁਰਖ ਸਾਡਾ ਪਿਤਾ ਹੈ ਤੇ 'ਕਾਲਕਾ' ਸਾਡੀ ਮਾਤਾ ਹੈ, ਇਹ ਉਸ ਦੀ ਬਿਲਕੁਲ ਮੂੜ੍ਹ ਮਤਿ ਹੋਵੇਗੀ। ਇਸੇ ਪ੍ਰਕਾਰ ਹੀ ਅਜਿਹੇ ਮੂੜ੍ਹ ਅਗਿਆਨੀ "ਸ੍ਰੀ ਬਾਵਨ ਅਖਰੀ" ਬਾਣੀ ਦੇ ਆਦਿ ਅੰਤ ਵਿਚ ਆਏ ਇਸ ਸਲੋਕ ਦਾ ਵੀ ਕੋਝੀ ਮਨਮਤਿ ਭਰਿਆ ਅਰਥ ਕਰ ਲੈਂਦੇ ਹਨ। ਯਥਾ—

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

ਉਨ੍ਹਾਂ ਦੇ ਕੋਝੇ ਭਾਵ ਅੰਦਰ ਮਾਤਾ ਨੂੰ ਵੀ ਉਹ ਗੁਰਦੇਵ ਕਰਕੇ ਅਰਥਾਉਂਦੇ ਹਨ ਅਤੇ ਪਿਤਾ ਨੂੰ ਵੀ ਗੁਰਦੇਵ ਹੀ ਦਸਦੇ ਹਨ। ਹਾਲਾਂਕਿ ਗੁਰਮਤਿ ਦੇ ਤੱਤ ਭਾਵ ਅਨੁਸਾਰ ਅਸਲ ਅਰਥ ਇਹ ਹਨ ਕਿ ਗੁਰਦੇਵ (ਵਾਹਿਗੁਰੂ) ਹੀ ਸਾਡਾ ਮਾਤਾ ਤੇ ਪਿਤਾ ਹੈ। ਗੁਰਮਤਿ ਅਨੁਸਾਰ ਸਪੱਸ਼ਟ ਤੌਰ ਤੇ "ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ"* ਸੁਤੇ ਸਿਧ ਅਰਥਾਂ ਵਿਚ ਐਨ ਓਵੇਂ ਹੀ ਵਿੱਦਤਾਇਆ ਗਿਆ ਹੈ ਜਿਸ ਪ੍ਰਕਾਰ ਕਿ "ਸ੍ਰੀ ਜਪੁਜੀ ਸਾਹਿਬ" ਦੀ ਬਾਣੀ ਅੰਦਰ—

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ —ਜਪੁਜੀ, ਪਉੜੀ ੫

ਸਪੱਸ਼ਟ ਅਰਥਾਂ ਵਿੱਚ ਇਹ ਭਾਵ ਰੱਖਦਾ ਹੈ ਕਿ ਗੁਰਮੁਖ (ਵਾਹਿਗੁਰੂ) ਹੀ ਸਾਡਾ ਨਾਦ ਹੈ, ਗੁਰਮੁਖ ਹੀ ਸਾਡਾ ਵੇਦ ਹੈ। ਗੁਰਮੁਖ (ਵਾਹਿਗੁਰੂ) ਹੀ ਸਾਰੇ ਸਮੋ ਰਿਹਾ ਹੈ। ਗੁਰਮੁਖ (ਵਾਹਿਗੁਰੂ) ਹੀ ਸਾਡਾ ਗੁਰਸਿੱਖਾਂ ਦਾ ਵਿਸ਼ਨੂੰ ਦੇਵਤਾ ਹੈ। ਵਾਹਿਗੁਰੂ ਹੀ ਸਾਡਾ ਗੁਰਸਿੱਖਾਂ ਦੇ ਨਜ਼ਦੀਕ ਈਸ਼ਰ ਹੈ, ਬਰਮਾ ਹੈ। ਗੁਰੂ (ਵਾਹਿਗੁਰੂ) ਹੀ ਗੁਰਸਿੱਖਾਂ ਦੇ ਭਾ ਦੀ ਮਾਤਾ ਲੱਛਮੀ ਹੈ। ਭਾਵ, ਵਾਹਿਗੁਰੂ ਤੋਂ ਬਿਨਾਂ ਗੁਰਸਿੱਖਾਂ ਦੇ ਨਜ਼ਦੀਕ ਕੋਈ ਹੋਰ ਮਾਤਾ ਨਹੀਂ ਅਤੇ ਹੋਰ ਕੋਈ ਗੋਰਖ ਨਹੀਂ, ਬਰਮਾ ਨਹੀਂ, ਨਾ ਹੀ ਕੋਈ ਈਸ਼ਰ ਹੈ। ਗੁਰਸਿੱਖ ਤਾਂ ਕੇਵਲ ਵਾਹਿਗੁਰੂ ਦੇ ਹੀ ਅਨਿੰਨ ਉਪਾਸ਼ਕ ਹਨ। ਜੇ ਕੋਈ ਮੂੜ੍ਹ ਅਗਿਆਨੀ ਇਸ ਗੁਰਵਾਕ ਵਿੱਚੋਂ ਇਹ ਕੋਝੇ ਅਰਥ ਕੱਢ ਲਵੇ ਕਿ ਪਾਰਬਤੀ (ਲੱਛਮੀ) ਸਾਡੀ ਮਾਤਾ ਹੈ ਤੇ ਇਸ ਮਾਤਾ ਦੀ ਉਪਾਸ਼ਨਾ ਦਾ ਵਿਧਾਨ ਗੁਰਮਤਿ ਅੰਦਰ ਦਰਸਾਇਆ ਗਿਆ ਹੈ ਤਾਂ ਅਸੀ ਵਿਚਾਰ ਵਿਚਾਰਨੀ ਉਸ ਮੂਰਖ ਮੂੜ੍ਹ ਅਗਿਆਨੀ ਦੀ ਮਹਾਂ ਦੁਰਮਤਿ ਅਗਿਆਨ ਭਰੀ ਵਿਚਾਰ ਸਿੱਧ ਹੋਵੇਗੀ।

ਤ੍ਰੈ ਗੁਣੀ ਮਾਇਆ ਦਾ ਸੰਕੇਤਕ ਨਾਮ ਗੁਰਮਤਿ ਅਨੁਸਾਰ "ਸਕਤਿ" ਹੈ। ਇਸ ਦੇ ਮੁਕਾਬਲੇ ਵਿਚ ਤੁਰੀਆ ਗੁਣੀ ਅਕਾਲ ਪੁਰਖ ਦੀ ਜੋਤਿ ਪ੍ਰਚੰਡ ਚੇਤੰਨ ਕਲਾ ਦਾ ਸੰਕੇਤਕ ਨਾਮ 'ਸ਼ਿਵ' ਹੈ। ਸ੍ਰੀ ਦਸਮੇਸ਼ ਜੀ ਨੇ ਜਿੱਥੇ ਸ੍ਰੀ ਮੁਖਵਾਕ ਸਵੱਈਆਂ ਵਿਚ "ਦੇਹ ਸ਼ਿਵਾ ਬਰ ਮੋਹਿ ਇਹੈ† ਅੰਕਤ ਕੀਤਾ ਹੈ, ਇਸ ਪੰਗਤੀ ਵਿਚ ਆਏ 'ਸ਼ਿਵਾ' ਪਦ ਤੋਂ ਭਾਵ ਅਕਾਲ ਪੁਰਖ ਦੀ ਜੋਤਿ ਪ੍ਰਚੰਡਨੀ ਚੈਤੰਨ ਕਲਾ ਤੋਂ ਹੈ। ਸ੍ਰੀ ਗੁਰੂ ਦਸਮੇਸ਼ ਜੀ ਮਹਾਰਾਜ ਫੁਰਮਾਉਂਦੇ ਹਨ :—"ਹੇ ਜੋਤਿ ਪ੍ਰਚੰਡ ਕਲਾ ਵਾਲੇ, ਚੈਤੰਨ ਕਲਾ ਸੰਪੰਨ ਵਾਹਿਗੁਰ, ਮੈਨੂੰ ਇਹ ਬਰ ਦੇਹ! ਇਸ 'ਸ਼ਿਵਾ' ਪਦ ਤੋਂ ਮੂੜ੍ਹ-ਮਤੀਏ ਅਗਿਆਨੀ ਪੁਰਸ਼ ਮਹਾਂਦੇਵ ਦਾ ਅਰਥ ਲਾਉਂਦੇ ਹਨ। ਜੈਸਾ ਕਿ

* ਰਾਮਕਲੀ ਮ: ੧, ॥੩॥(੪॥੧੦), ਪੰਨਾ ੮੭੯ †ਚੰਡੀ ਚਰਿਤ੍ਰ ਉਕਤਿ ਬਿਲਾਸ, ੨੩੧-੧


www.AKJ.Org

ਰਹਿਰਾਸ ਸਾਹਿਬ ਦੀ ਚੌਪਈ ਅੰਦਰ ਸ੍ਰੀ ਦਸਮੇਸ਼ ਮੁਖਵਾਕ ਆਉਂਦਾ ਹੈ :–

ਮਹਾਂ ਦੇਵ ਕੋ ਕਹਿਤ ਸਦਾ ਸਿਵ ॥੧੬॥ [ਕਬਿਯੋ ਬਾਚ ਬੇਨਤੀ ਚੌਪਈ]

ਇਹ ਪਦ ਭਾਵ-ਖੰਡਨੀ ਆਉਂਦਾ ਹੈ। ਪ੍ਰੰਤੂ ਸ੍ਰੀ ਦਸਮੇਸ਼ ਸਾਹਿਬ ਜੀ ਦਾ ਇਹ ਭਾਵ ਹਰਗਿਜ਼ ਨਹੀਂ। ਮਹਾਂਦੇਵ ਦੇ ਅਰਥਾਂ ਵਾਲੇ 'ਸ਼ਿਵ' ਪ੍ਰਥਾਇ ਤਾਂ ਇਸੇ ਚੌਪਈ ਅੰਦਰ ਇਉਂ ਅੰਕਤ ਕੀਤਾ ਸ੍ਰੀ ਦਸਮੇਸ਼ ਵਾਕ ਆਉਂਦਾ ਹੈ :– ਕਾਲ ਪਾਇ ਸ਼ਿਵਜੂ ਅਵਤਰਾ ॥੭॥ –ਕਬਿਯੋ ਬਾਚ ਬੇਨਤੀ ਚੌਪਈ

ਵਿਸ਼ਨੂ, ਬ੍ਰਹਮਾ, ਮਹੇਸ਼ ਸਭ ਕਾਲ ਦੇ ਚੱਕਰ ਅੰਦਰ ਸੱਚੇ ਪਾਤਸ਼ਾਹ ਨੇ ਦਸੇ ਹਨ। ਪ੍ਰੰਤੂ "ਦੇਹ ਸ਼ਿਵਾ ਬਰ ਮੋਹਿ ਇਹੈ" ਵਾਲੀ ਪੰਗਤੀ ਅੰਦਰ ਸ੍ਰੀ ਗੁਰੂ ਸਾਹਿਬ ਜੀ ਦਾ ਭਾਵ 'ਸ਼ਿਵਾ' ਪਦ ਤੋਂ ਚੇਤੰਨ ਸਰੂਪ ਜੋਤਿ ਪ੍ਰਚੰਡ ਅਕਾਲ ਪੁਰਖ ਵਾਹਿਗੁਰੂ ਤੋਂ ਹੈ। 'ਸ਼ਿਵਾ' ਪਦ ਦੇ ਅੱਗੇ ਜੋ ਕੰਨਾ ਹੈ, ਉਹ 'ਹੇ' ਵਾਲਾ ਅਰਥ ਦਰਸਾਉਂਦਾ ਹੈ। 'ਸ਼ਿਵਾ' ਪਦ ਤੋਂ ਭਾਵ 'ਹੇ ਵਾਹਿਗੁਰੂ' ਹੈ। ਕਈ ਮੂੜ੍ਹ-ਮੱਤੀਏ ਅਗਿਆਨੀ ਇਸ 'ਸ਼ਿਵਾ' ਪਦ ਦਾ ਭੀ ਦੇਵੀ ਦਾ ਅਰਥ ਸਮਝਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਇੱਥੇ ਵੀ ਦੇਵੀ ਧਿਆਈ ਹੈ, ਦੇਵੀ ਤੋਂ ਵਰ ਮੰਗਿਆ ਹੈ। ਇਸ ਦੀ ਪ੍ਰੋੜ੍ਹਤਾ ਵਿਚ ਇਸੇ ਸਵੱਈਏ ਦੀ ਚੌਥੀ ਸਤਰ ਵਿਚ ਆਈ ਇਸ ਪੰਗਤੀ ਦੀ ਓਟ ਲੈਂਦੇ ਹਨ "ਸੰਤ ਸਹਾਇ ਸਦਾ ਜਗ ਮਾਇ ..."* ਭਾਵ 'ਜਗ ਮਾਇ' ਪਦ ਤੋਂ ਜਗਤ ਮਾਤਾ ਦੇਵੀ ਦਾ ਹੀ ਕੱਢਦੇ ਹਨ। ਹਾਲਾਂ ਕਿ ਸ੍ਰੀ ਦਸਮੇਸ਼ ਜੀ ਦਾ ਇਹ ਹਰਗਿਜ਼ ਭਾਵ ਨਹੀਂ! "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਵਾਲੀ ਪੰਗਤੀ ਵਿਚ ਆਏ "ਤੂੰ ਹੈ ਮੇਰਾ ਮਾਤਾ" ਵਾਲੇ ਪਦ ਵਾਲਾ ਭਾਵ ਹੀ 'ਜਗ ਮਾਇ' ਪਦ ਤੋਂ ਹੈ। ਭਾਵ ਵਾਹਿਗੁਰੂ ਹੀ ਮੇਰਾ ਪਿਤਾ ਹੈ, ਵਾਹਿਗੁਰੂ ਹੀ ਮੇਰਾ ਮਾਤਾ ਹੈ। ਮੂੜ੍ਹ ਮਤੀਆਂ ਦਾ ਨਿਰਾ ਮੁਗ਼ਾਲਤਾ ਹੈ ਕਿ 'ਜਗ ਮਾਇ' ਅਤੇ ਸ਼ਿਵਾ' ਪਦਾਂ ਤੋਂ ਦੇਵੀ ਦਾ ਅਰਥ ਲੈਣ। ਗੁਰਮਤਿ ਕੋਸ਼ਾਂ ਅੰਦਰ ਭੀ ਸ਼ਿਵਾ ਦੇ ਅਰਥਾਂ ਵਿੱਚੋਂ ਇਕ ਅਰਥ 'ਸ਼ਿਵ' ਪਦ ਦਾ ਕਲਿਆਣ ਸਰੂਪ ਪਰਮਾਤਮਾ ਹੈ।

ਸ੍ਰੀ ਗੁਰੂ ਦਸਮੇਸ਼ ਜੀ ਨੇ ਅਕਾਲ ਪੁਰਖ ਪ੍ਰਥਾਇ ਉਚਰੇ ਪਦਾਂ ਦੀ ਬੜੀ ਹੀ ਬਚਿੱਤਰ ਸੰਕੇਤਕ ਲੀਲ੍ਹਾ ਉਚਾਰਨ ਕੀਤੀ ਹੈ। ਜਿੱਥੇ ਸ੍ਰੀ ਗੁਰੂ ਦਸਮੇਸ਼ ਨੇ ਆਪਣੇ ਇੱਕ ਹੋਰ ਸ੍ਰੀ ਮੁਖਵਾਕ ਸਵੱਈਏ ਅੰਦਰ ਇਸ ਪ੍ਰਕਾਰ ਉਚਾਰਨ ਕੀਤਾ ਹੈ–'ਹੇ ਰਵਿ ਹੇ ਸਸਿ ਹੇ ਕਰੁਣਾ ਨਿਧਿ'†, ਉਥੇ ਭੀ ਸ੍ਰੀ ਗੁਰੂ ਦਸਮੇਸ਼ ਜੀ ਨੇ 'ਰਵਿ' ਅਤੇ 'ਸਸਿ' ਪਦਾਂ ਤੋਂ ਭਾਵ ਕਰੁਣਾਨਿਧਿ ਅਕਾਲ ਪੁਰਖ ਦਾ ਹੀ ਲਿਆ ਹੈ। ਸ੍ਰੀ ਜਾਪੁ ਸਾਹਿਬ ਜੀ ਦੀ ਬਾਣੀ ਅੰਦਰ ਵੀ ਜਿੱਥੇ "ਨਮੋ ਸੂਰਜ ਸੂਰਜੇ ॥ ਨਮੋ ਚੰਦ੍ਰ ਚੰਦ੍ਰੇ" ਤੁਕਾਂ ਆਉਂਦੀਆਂ ਹਨ, ਤਿਨ੍ਹਾਂ ਤੁਕਾਂ ਦਾ ਭਾਵ ਭੀ ਸਪੱਸ਼ਟ ਅਕਾਲ ਪੁਰਖ ਤੋਂ ਲਿਆ ਗਿਆ ਹੈ। ਹੇ ਸੂਰਜਾਂ ਦੇ ਸੂਰਜ, ਸੱਚੇ ਸੂਰਜ ਸ੍ਰੀ ਅਕਾਲ ਪੁਰਖ ਜੀ, ਤੇ ਚੰਦ੍ਰਮਾਵਾਂ ਤੋਂ ਸੱਚੇ ਸੁੱਚੇ ਚੰਦ੍ਰਮਾ ਵਾਹਿਗੁਰੂ ਅਕਾਲ ਪੁਰਖ ਜੀ, ਤੈਨੂੰ ਸਾਡੀ ਨਮਸਕਾਰ ਹੈ, ਸੋਈ ਭਾਵ 'ਹੇ ਰਵਿ ਹੇ ਸਸਿ' ਵਾਲੇ ਪਦਾਂ ਤੋਂ ਵੀ ਨਿਕਲਦਾ ਹੈ–ਹੇ ਅਕਾਲ ਪੁਰਖ ਰੂਪੀ ਸੱਚੇ ਸੂਰਜ (ਰਵਿ), ਹੇ ਅਕਾਲ ਪੁਰਖ ਰੂਪੀ ਸੱਚੇ ਚੰਦਰਮਾ (ਸਸਿ)! ਇਹੋ ਕਹਿ ਕੇ (ਸੰਕੇਤ ਕੇ) ਸ੍ਰੀ ਦਸਮੇਸ਼ ਸੱਚੇ ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਅੱਗੇ ਹੀ ਬੇਨਤੀ ਉਚਾਰਨ ਕੀਤੀ ਹੈ। ਹੋਰ ਕੋਈ ਸੂਰਜ ਚੰਦ ਅਗੇ ਬੇਨਤੀ ਨਹੀਂ ਕੀਤੀ। ਅਕਾਲ ਪੁਰਖ ਪ੍ਰਥਾਇ ਉਚਰੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਸੰਕੇਤਕ ਪਦਾਂ ਦੀ ਬੜੀ ਹੀ ਬਚਿੱਤ੍ਰ ਲੀਲ੍ਹਾ ਹੈ।

ਇਸ਼ੇ ਪ੍ਰਕਾਰ ਹੀ 'ਭਗਉਤੀ' ਪਦ ਰੂਪੀ ਸੰਕੇਤਕ ਪਦ ਅਰਦਾਸੇ ਅੰਦਰ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਨੇ ਵਾਹਿਗੁਰੂ ਦੀ ਜੋਤਿ ਪ੍ਰਚੰਡਕ ਅਕਲ ਕਲਾ ਪ੍ਰਥਾਇ ਹੀ ਉਚਾਰਨ ਕੀਤਾ ਹੈ, ਦੇਵੀ ਦਾ ਭਾਵ ਹਰਗਿਜ਼ ਨਹੀਂ। ਦੇਵੀ ਵਾਲਾ ਭਾਵ ਅਗਿਆਨੀ ਮੂੜ੍ਹ-ਮਤੀਆਂ ਦੀ ਹੀ ਕਾਢ ਹੈ। ਅਕਾਲ ਪੁਰਖ ਦੀ ਖੜਗ-ਕੇਤ, ਜੋਤਿ-ਪ੍ਰਚੰਡਨੀ-ਅਕਲ-ਕਲਾ ਦਾ ਨਾਉਂ ਹੀ 'ਭਗਉਤੀ' ਸੰਕੇਤਿਆ ਗਿਆ ਹੈ। ['ਗੁਰਮਤਿ ਲੇਖ' ਪੁਸਤਕ ਵਿਚੋਂ

---

* ਚੰਡੀ ਚਰਿਤ੍ਰ ਉਕਤਿ ਬਿਲਾਸ, ੨੩੧-੪ † ਕ੍ਰਿਸ਼ਨਾ ਅਵਤਾਰ, ੧੯੦੦-੪



www.AKJ.Org

# ਬੇਨਜ਼ੀਰ ਕਰਮਵੀਰ ਦਸਮੇਸ਼ ਪਿਤਾ ਜੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ-19]

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਬ-ਪੱਖੀ ਪਾਵਨ ਸ਼ਖਸੀਅਤ ਦੀ 'ਉੱਚਤਾ' ਅਕਲ, ਬੁੱਧੀ ਤੇ ਸਿਆਣਪ ਦੇ ਦਾਇਰੇ ਤੋਂ ਬਹੁਤ ਉੱਚੀ ਹੈ। ਇਤਿਹਾਸਕਾਰ ਦੀ ਦ੍ਰਿਸ਼ਟੀ, ਇਤਿਹਾਸਕ ਪੱਖ ਤੋਂ ਤੱਕਦੀ ਹੈ, ਜੰਗ ਵਿਚ ਜੂਝਣ ਵਾਲੇ ਨੂੰ ਦੇਸ਼ ਭਗਤ, ਜਰਨੈਲ, ਜੁੱਧ ਕੇ ਜਿੱਤਈਆ ਸ਼ਸਤਰ-ਧਾਰੀ ਸਿਪਾਹੀ ਨਜ਼ਰ ਆਉਂਦੇ ਹਨ, ਪ੍ਰੇਮ ਵਿਚ ਭਿੰਨਾ ਗੁਰਸਿਖ, ਹਜ਼ੂਰ ਨੂੰ ਪਿਤਾ, ਗੁਰਦੇਵ, ਸੁੰਦਰ ਸੁਆਮੀ, ਪ੍ਰੀਤਮ ਪਿਆਰਾ ਤੇ ਤੇਜਵੰਸੀ, ਇਲਾਹੀ ਨੂਰ ਸਮਝਦਾ ਹੈ। ਸਾਡੀਆਂ ਅੱਖੀਆਂ ਵਿਚ ਅਜਿਹੀ ਦੇਵੀ ਜੋਤੀ ਨਹੀਂ ਕਿ ਅਸੀਂ ਆਪ ਦੀ ਨੂਰਾਨੀ ਜੋਤਿ ਦੀ ਝਲਕ ਦਾ ਦੀਦਾਰ ਕਰ ਸਕੀਏ। ਪਾਤਖੂ ਅੱਖ ਤਾਂ ਕਿਸੇ ਵਿਰਲੇ ਜਨ ਕੋਲ ਹੁੰਦੀ ਹੈ। ਜੇ ਕੋਈ ਜਤਨ ਕਰਦਾ ਹੈ ਤਾਂ ਉਸ ਦੀ ਜਿਹਬਾ ਕਿਹੜੇ ਕਿਹੜੇ ਗੁਣਾਂ ਤੇ ਕਰਣੀਆਂ ਦਾ ਬਿਆਨ ਕਰੇ। ਹਾਂ, ਕਾਈ ਨੰਦ ਲਾਲ ਵਡਭਾਗਾ ਹਜ਼ੂਰੀ ਗੁਰਸਿੱਖ ਹੋਇਆ ਹੈ, ਜਿਸ ਨੂੰ ਸੂਖਸ਼ਮ ਦ੍ਰਿਸ਼ਟੀ ਪ੍ਰਾਪਤ ਹੋਈ, ਜਿਸ ਨਾਲ 'ਵਾਸਫ਼ਾਨਿ ਜ਼ਾਤਿ ਗੁਰੂ ਗੋਬਿੰਦ ਸਿੰਘ'*, ਅਰਥਾਤ, ਦਸਮੇਸ਼ ਪਿਤਾ ਜੀ ਨੂੰ ਦੈਵੀ ਗੁਣਾਂ ਦੀ ਮੂਰਤੀ ਤੱਕਿਆ ਤੇ ਪ੍ਰੇਮ ਭਰੇ ਜਜ਼ਬਾਤੀ ਅੱਖਰਾਂ ਦੁਆਰਾ ਉਨ੍ਹਾਂ ਦੇ ਸ੍ਰੇਸ਼ਟ ਗੁਣਾਂ ਨੂੰ ਕਲਮਬੰਦ ਕੀਤਾ। ਹੇਠ ਲਿਖਿਆ ਗੁਰ ਫੁਰਮਾਨ ਇੰਨ ਬਿੰਨ ਘਟਦਾ ਹੈ—

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥

(ਸੂਹੀ ਮ: ੪—੭੩੪-੩੫)

ਕਰਣੀ, ਕਥਨੀ ਤੇ ਸੋਚਣੀ ਦੀ ਇਕਸੁਰਤਾ, ਮਹਾਨ ਆਤਮਾਵਾਂ ਦੀ ਸ਼ਖਸੀਅਤ ਦਾ ਇਕ ਵਿਸ਼ੇਸ਼ ਅੰਗ ਹੁੰਦੀ ਹੈ। ਸੋਚ-ਉਡਾਰੀ ਲਾਉਣਾ ਫ਼ਿਲਾਸਫ਼ਰ ਦਾ ਕੰਮ ਹੈ। ਜੇ ਆਪ ਅਮਲ ਨਹੀਂ ਕਰਦਾ ਤਾਂ ਉਹ ਨਿਰਜਿੰਦ, ਕਰਮ-ਹੀਨ ਵਿਅਕਤੀ ਹੈ। ਕਹਿਣਾ ਸਭ ਤੋਂ ਸੌਖਾ ਹੈ। ਇਕ ਪ੍ਰਸਿੱਧ ਲਿਖਾਰੀ ਅਨੁਸਾਰ ਜੇ 'ਕਰਣੀ' ਕਥਨੀ ਜੈਸੀ ਅਸਾਨ ਹੁੰਦੀ ਤਾਂ ਦਨੀਆ ਦੀਆਂ ਸਾਰੀ ਝੁੱਗੀਆਂ ਝੌਂਪੜੀਆਂ ਸ਼ਾਹੀ ਮਹੱਲਾਂ ਵਿਚ ਬਦਲ ਜਾਂਦੀਆਂ। ਇਹ ਅਸੰਗਤੀ ਧਾਰਮਕ ਖੇਤਰ ਵਿਚ ਵੀ ਘਟ ਨਹੀਂ। ਨਾਮ-ਧਰੀਕ ਧਾਰਮਕ ਨੇਤਾ ਤੇ ਉਪਦੇਸ਼ਕ, ਦੂਸਰਿਆਂ ਨੂੰ ਉਪਦੇਸ਼ ਕਰਦੇ ਹਨ, ਪਰ ਖ਼ੁਦ ਅਮਲ ਨਹੀਂ ਕਰਦੇ। ਇਨ੍ਹਾਂ ਪ੍ਰਤੀ ਹਜ਼ੂਰ ਦਾ ਫ਼ਰਮਾਨ ਹੈ—

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥੭॥੫॥ (੨੬੯)

ਜਿਸ ਇਨਸਾਨ ਦੇ ਮਨ ਵਿੱਚ ਕੁਝ ਹੋਰ ਤੇ ਮੁੱਖ ਵਿਚ ਕੁਝ ਹੋਰ ਹੈ, ਉਹ ਕੱਚਾ, ਕਪਟੀ ਤੇ ਮੱਕਾਰ ਹੈ। ਐਸਾ ਬੇਲਾਗ ਤਿਕੋਨੀ ਸੰਬੰਧ, ਜਿਹੜਾ ਮਨ, ਬਚ, ਕਰਮ ਦਾ ਪੂਰਨ ਸੁਜੋੜ ਹੈ, ਇਨਸਾਨ ਦੇ ਸੁੰਦਰ ਚਰਿੱਤਰ ਦੀ ਘਾੜਤ ਲਈ ਅਵਸ਼ੱਕ ਹੈ। ਜੇ ਇੱਕ ਵਿਅਕਤੀ ਮਨ ਕਰਕੇ ਬਲਵਾਨ ਤੇ ਪਵਿੱਤਰ ਹਵੇ, ਰਸਨਾ ਕਰਕੇ ਬਚਨ ਦਾ ਪੂਰਾ ਹੋਵੇ ਤੇ ਤਨ ਕਰਕੇ ਉਦਮੀ ਤੇ ਕਰਮਸ਼ੀਲ ਹੋਵੇ ਤਾਂ ਉਸ ਦੀ ਜ਼ਬਾਨ ਵਿੱਚ ਜਾਦੂ ਤੇ ਕਰਣੀ ਵਿਚ ਸਫਲਤਾ ਹੋਵਗੀ। ਅਜਿਹਾ ਨਮੂਨੇ ਦਾ ਮਨੁੱਖ ਮਾਨਵਤਾ ਦਾ ਜਿੰਦ ਜਾਨ ਹੋਇਆ ਕਰਦਾ ਹੈ। ਇਸ ਦੀ ਅਣਹੋਂਦ ਦੇਸ਼, ਕੌਮ ਜਾਂ ਧਰਮ ਨੂੰ ਅਧੋਗਤੀ ਵਲ ਲੈ ਜਾਵੇ ਤਾਂ ਹੈਰਾਨੀ ਦੀ ਗੱਲ ਨਹੀਂ ਹੈ। ਭਾਰਤ ਦੀ ਦੁਰਦਸ਼ਾ ਤੇ ਨਿੱਘਰਤਾ ਦਾ ਚਿਤਰ ਦੇਖ ਕੇ ਇਉਂ ਪਰਤੀਤ ਹੁੰਦਾ ਹੈ ਕਿ ਭਾਰਤ ਇਸੇ ਦੇ ਹੀ ਯੋਗ ਸੀ, ਉਸ ਨੂੰ ਆਪਣਾ ਹੱਕ ਹੀ ਮਿਲਿਆ, ਪਰਮਾਤਮਾ ਨੇ ਬੇਇਨਸਾਫ਼ੀ ਨਹੀਂ ਕੀਤੀ। ਹਜ਼ੂਰ ਦੀ ਬਚਨ ਅਟੱਲ ਤੇ ਸਰਬਕਾਲੀ ਹੈ—

ਜਿਸ ਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ ॥੩॥੧੨॥ [ਆਸਾ ਮਹਲਾ ੧—੪੧੭

ਗੁਰਸਿੱਖ ਨੂੰ ਇਹ ਕਹਿਣ ਵਿਚ ਬਹੁਤ ਫ਼ਖ਼ਰ ਅਨੁਭਵ ਹੁੰਦਾ ਹੈ ਕਿ ਦਸਮੇਸ਼ ਪਿਤਾ ਜੀ ਪੂਰਨ ਤੌਰ ਤੇ

---

*ਭਾ: ਨੰਦ ਲਾਲ ਜੀ, ਗੰਜਨਾਮਾ, ਅੰਕ ੧੩੨



www.AKJ.Org

ਦੂਰ-ਦ੍ਰਿਸ਼ਟੀ ਦੇ ਮਾਲਕ ਸੂਝਵਾਨ, ਫ਼ਿਲਾਸਫ਼ਰ, ਪ੍ਰਭਾਵਸ਼ਾਲੀ ਉਪਦੇਸ਼ਕ, ਧੜੱਲੇਦਾਰ ਵਕਤਾ, ਤੇ ਅਨਹੋਣੀ ਨੂੰ ਹੋਣੀ ਦਾ ਰੂਪ ਦੇਣ ਵਾਲੇ ਸਫਲ ਕਰਮ-ਯੋਗੀ ਹਨ ।

ਭਾਰਤ ਦੀ ਬਦਨਸੀਬੀ ਸਮਝੋ ਜਾਂ ਮੁਸਲਮਾਨਾਂ ਦੀ ਤਕਦੀਰ ਦਾ ਚਮਕਦਾ ਸਿਤਾਰਾ ਕਿ ਹਿੰਦੂ ਜਾਤੀ 'ਗੀਤਾ' ਦੇ ਮੁੱਖ ਉਪਦੇਸ਼ ਨੂੰ ਭੁੱਲ ਬੈਠੀ । ਕ੍ਰਿਸ਼ਨ ਜੀ ਨੇ ਤਾਂ ਨਿਸ਼ਕਾਮ ਕਾਰਜ ਕਰਨ ਦਾ ਉਪਦੇਸ਼ ਦਿੱਤਾ ਸੀ, ਦਲਿੱਦਰੀ ਬਣ ਕੇ ਬੈਠਣ ਦਾ ਨਹੀਂ । ਮੁਖੀ ਆਗੂਆਂ, ਪੰਡਤਾਂ ਤੇ ਖੱਤਰੀਆਂ ਨੇ ਜੇ ਫਲ ਖਾਣ ਦੀ ਚਾਹ ਛੱਡੀ ਤਾਂ ਉੱਦਮ ਘਾਲ ਤੇ ਕਰਮ ਵੀ ਤਿਆਗ ਦਿੱਤੇ । ਬੁੱਧ ਧਰਮ ਨੇ ਵੀ ਅਹਿੰਸਾਵਾਦ ਦਾ ਗ਼ਲਤ ਪਰਚਾਰ ਕਰ ਕੇ ਬੀਰ ਰਸ ਦੀ ਭਾਵਨਾ ਹਿਰਦੇ ਵਿਚੋਂ ਕੱਢ ਕੇ ਕੁਚਲ ਦਿੱਤੀ ਤੇ ਸੋਨ-ਚਿੜੀ ਭਾਰਤ ਨੂੰ ਗਹਿਣੇ ਰੱਖ ਦਿੱਤਾ । ਇਤਿਹਾਸ ਗਵਾਹੀ ਭਰਦਾ ਹੈ ਕਿ ਜਦ ਵੀ ਪਠਾਣਾਂ, ਮੁਗਲਾਂ ਤੇ ਹੋਰ ਬਦੇਸ਼ੀ ਹਮਲਾ-ਆਵਰਾਂ ਨੇ ਵਿਸ਼ਾਲ ਭਾਰਤ ਦੇ ਹਿਰਦੇ ਵਿਚ ਘੁੱਸ ਕੇ ਮੰਦਰਾਂ ਨੂੰ ਢਾਹਣ ਤੇ ਵੱਡਮੁਲਾ ਸਮਾਨ ਲੁੱਟਣ ਦਾ ਹੀਆ ਕੀਤਾ ਤਾਂ ਪੁਜਾਰੀਆਂ, ਭਗਤ ਜਨਾਂ ਤੇ ਖੱਤਰੀਆਂ ਨੇ ਮਰਦਾਂ ਵਾਂਗਰ ਟਾਕਰਾ ਕਰਨ ਦੀ ਬਜਾਏ ਮੂਰਤੀਆਂ ਅੱਗੇ ਨੱਕ ਰਗੜਨ ਨੂੰ ਆਪਣਾ ਕਰਤੱਵ ਸਮਝਿਆ । ਬਾਬਰ ਦੇ ਹਮਲੇ ਵੇਲੇ ਭਾਰਤ ਦੇ ਹੁਕਮਰਾਨਾਂ ਨੇ ਆਪਣੀਆਂ ਭੁਜਾਵਾਂ ਤੇ ਭਰੋਸਾ ਨ ਰੱਖਿਆ, ਬਲਕਿ ਪੀਰਾਂ ਫਕੀਰਾਂ ਦੀ ਅਸ਼ੀਰਵਾਦ, ਜਾਦੂ, ਮੰਤਰ, ਤੰਤਰ, ਤੇ ਟੂਣਿਆਂ ਨੂੰ ਆਪਣਾ ਹਥਿਆਰ ਬਣਾਇਆ, ਜਿਹੜਾ ਮੌਕੇ ਤੇ ਬੁਰੀ ਤਰ੍ਹਾਂ ਅਸਫਲ ਹੋਇਆ । ਇਸ ਤੱਥ ਨੂੰ ਪ੍ਰਗਟਾਉਂਦਾ ਹਜ਼ੂਰ ਦਾ ਇਹ ਫ਼ੁਰਮਾਨ ਹੈ–

> ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
> ਥਾਨ ਮੁਕਾਮ ਜਲੇ ਬਿਜ ਮੰਦਰ, ਮੁਛਿ ਮੁਛਿ ਕੁਇਰ ਰੁਲਾਇਆ ॥
> ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥੧੨॥ (੪੧੭–੧੮)

ਪਿਤਾ ਜੀ ਤੇ ਪੜਦਾਦਾ ਜੀ ਦੇ ਸ਼ਾਂਤਮਈ ਬਲੀਦਾਨ ਨੇ ਬੇਸ਼ਕ ਜ਼ਾਲਮ ਮੁਗਲ ਬਾਦਸ਼ਾਹ ਦੇ ਕਠੋਰ ਰਵੱਈਏ ਵਿਚ ਜ਼ਾਹਰਾ ਤੌਰ ਤੇ ਪਰੀਵਰਤਨ ਨਹੀਂ ਕੀਤਾ, ਪਰ ਨਿਰਸੰਦੇਹ ਇਸ ਨੇ ਗੁਰਸਿੱਖਾਂ ਦੇ ਹਿਰਦੇ ਅੰਦਰ ਨਿਡਰ ਹੋ ਕੇ ਪਰਵਾਨੇ ਵਾਂਗਰ ਮਰ ਮਿਟਣ ਦਾ ਜਜ਼ਬਾ ਅਵੱਸ਼ ਭਰ ਦਿੱਤਾ । ਇਸ ਭਾਵਨਾ ਨੂੰ ਬਰਕਰਾਰ ਰੱਖਣ ਤੇ ਨਿਰਬਲ ਬਾਹਾਂ ਵਿੱਚ ਸ਼ਕਤੀ, ਹਿੰਮਤ ਅਤੇ ਦਲੇਰੀ ਦਾ ਜਜ਼ਬਾ ਭਰਨ ਲਈ ਢੁਕਵੇਂ ਤੇ ਉਚਿੱਤ ਕਦਮ ਉਠਾਉਣੇ ਜ਼ਰੂਰੀ ਸਨ । ਮੁਰਦਾ ਰਗਾਂ ਵਿਚ ਜੰਮੇ ਹੋਏ ਖ਼ੂਨ ਨੂੰ ਪਿਘਲਾਉਣ ਤੇ ਹਰਕਤ ਦੇਣ ਲਈ ਆਪ ਦੇ ਦਰਬਾਰ ਵਿਚ ਬਵੰਜਾ ਕਵੀ ਆਪਣਾ ਯੋਗਦਾਨ ਦਿੰਦੇ ਸਨ । ਆਪ ਕੇਵਲ ਪਰਬੰਧਕ ਜਾਂ ਜਥੇਦਾਰ ਨਹੀਂ ਸਨ, ਚੋਟੀ ਦੇ ਕਵੀ ਸਨ, ਜਿਨ੍ਹਾਂ ਦੀ ਜਾਦੂਮਈ ਲੇਖਣੀ ਨੇ ਕਾਇਆਂ-ਕਲਪ ਦਾ ਕੰਮ ਕੀਤਾ ।

ਇਸ ਦੇ ਇਲਾਵਾ, ਆਪ ਜੀ ਨੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਮਿਥਿਹਾਸਕ ਬੀਰ ਰਸੀ ਗਾਥਾਵਾਂ ਦਾ ਤਰਜਮਾ ਪੰਜਾਬੀ ਵਿਚ ਕੀਤਾ ਤੇ ਕਰਵਾਇਆ । ਆਪ ਜੀ ਉਸ ਸੰਕਟ ਭਰੇ ਕਾਲ ਵਿਚ ਬੇਜੋੜ ਉਲੱਥਾਕਾਰ ਸਨ, ਜਿਨ੍ਹਾਂ ਨੇ ਇੱਕ ਬੋਲੀ ਤੋਂ ਦੂਸਰੀ ਬੋਲੀ ਵਿਚ ਅਨੁਵਾਦ ਕਰਨ ਦੇ ਨਾਲ ਨਾਲ ਕਥਨੀ ਦਾ ਉਲੱਥਾ ਕਰਣੀ ਵਿਚ ਕੀਤਾ, ਸਿਧਾਂਤ ਨੂੰ ਅਮਲੀ ਰੂਪ ਦਿੱਤਾ । ਇਸ ਅਨੋਖੇ, ਸਫਲ ਤਰਜਮੇ ਤੋਂ ਹਜ਼ੂਰ ਦੀ ਪ੍ਰਤਿਭਾ ਦੀ ਤਸਵੀਰ ਸਪੱਸ਼ਟ ਉਜਾਗਰ ਹੁੰਦੀ ਹੈ ।

ਨੌਂ ਸਾਲ ਦੀ ਆਯੂ ਵਿਚ ਗੁਰ-ਗੱਦੀ ਦੀ ਮਹਾਨ ਜ਼ਿੰਮੇਵਾਰੀ ਨੂੰ ਸੰਭਾਲਣ ਉਪਰੰਤ ਹਜ਼ੂਰ ਨੇ ਅਨੁਭਵ ਕੀਤਾ ਕਿ ਹੇਠ ਲਿਖੇ ਮਸਲਿਆਂ ਨੂੰ ਪਹਿਲ ਦੇ ਕੇ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇ–

(੧) ਉੱਚ ਜਾਤੀ ਪੰਡਤਾਂ-ਬ੍ਰਾਹਮਣਾਂ ਦੇ ਕਰਮ ਕਾਂਡ, ਪਖੰਡ, ਜਾਤ ਪਾਤ ਦੇ ਅਭਿਮਾਨ, ਛੂਤ ਛਾਤ ਤੇ ਨਫ਼ਰਤ ਤੋਂ ਖ਼ਲਾਸੀ ।

(੨) ਪਹਾੜੀ ਰਾਜਿਆਂ ਦੀ ਮਾਨਸਿਕ ਗ਼ੁਲਾਮੀ, ਬੇਗ਼ੈਰਤ ਭਰੇ ਜੀਵਨ, ਦੇਸ਼ ਪਿਆਰ ਦੀ ਕਮੀ ਤੇ ਹੀਣ ਭਾਵਨਾ ਤੋਂ ਛੁਟਕਾਰਾ ।



www.AKJ.Org

(੩) ਆਮ ਜਨਤਾ ਦੀ ਅਗਿਆਨਤਾ, ਵਹਿਮ-ਪ੍ਰਸਤੀ, ਕਾਇਰਤਾ, ਨਿਰਬਲਤਾ, ਭੇਡ-ਬੱਕਰੀ ਵਾਂਗਰ ਵਿਕਣਾ, ਪਤਿਤ ਅਵਸਥਾ ਵਿਚ ਮਜਬੂਰੀ ਤੇ ਝੂਠੀ ਸੰਤੁਸ਼ਟਤਾ ਤੋਂ ਉਭਾਰਨਾ।

(੪) ਮੁਗਲ ਹਕੂਮਤ ਦੇ ਵਿਤਕਰੇ, ਤੁਅੱਸਬ, ਜ਼ੁਲਮ ਸਿਤਮ, ਸੱਚ ਦੀ ਆਵਾਜ਼ ਨੂੰ ਕੁਚਲਣ, ਤੇ ਹਿੰਦੂਆਂ ਦਾ ਜ਼ਬਰਦਸਤੀ ਧਰਮ ਪਰੀਵਰਤਣ ਕਰਨ ਅਤੇ ਔਰੰਗਜ਼ੇਬ ਦੇ ਰਾਜ-ਅਭਿਮਾਨ ਦੇ ਸਿਖਰ ਸਮੇਂ ਭਾਰਤ ਦੀ ਅਤਿ ਅਸ਼ਲੀਲ ਅਪਮਾਨਿਤ ਬਿਵਸਥਾ ਤੋਂ ਨਿਜਾਤ।

**ਐਸੇ ਆਤੰਕਮੇਈ ਤੇ ਭੈ ਭੀਤ ਵਾਤਾਵਰਨ ਵਿੱਚ, ਜਦ ਕਿ ਮੁਗਲ਼ ਸਾਮਰਾਜ ਦੀਆਂ ਜੜ੍ਹਾਂ ਪਾਤਾਲ ਤੱਕ ਪਹੁੰਚੀਆਂ ਹੋਣ, ਆਪਣੀ ਕੋਈ ਅਲੱਗ ਹਕੂਮਤ ਨ ਹੋਵੇ, ਤੇ ਬੀਰ ਖੱਤਰੀ ਵਰਗ ਦਾ ਕੋਈ ਸਹਿਯੋਗ ਨ ਹੋਵੇ, ਜੇ ਕਿਸੇ ਨੇ ਕਾਇਰ ਨਿਰਜਿੰਦ ਆਤਮਾ ਵਿੱਚ ਅਣਖੀ ਭਾਵਨਾ ਉਤੇਜਿਤ ਕੀਤੀ, ਗਿੱਦੜਾਂ ਨੂੰ ਸ਼ੇਰ ਬਣਾ ਕੇ ਗੱਜਣ ਤੇ ਭਬਕਾਂ ਮਾਰਨ ਦੀ ਜੁਰਅਤ ਬਖ਼ਸ਼ੀ, ਹਰ ਤਰ੍ਹਾਂ ਦੇ ਡਰ ਤੋਂ ਮੁਕਤ ਕਰ ਕੇ ਲਾੜੀ ਮੌਤ ਨੂੰ ਪਰਣਾਉਣ ਦਾ ਚਾਉ ਉਤਪੰਨ ਕੀਤਾ, ਚਿੜੀਆਂ ਤੋਂ ਬਾਜ਼ਾਂ ਦਾ ਫੀਤਾ ਫੀਤਾ ਕਰਨ ਦਾ ਕ੍ਰਿਸ਼ਮਾ ਵਿਖਾਇਆ, ਤਾਂ ਉਹ ਵਾਹਦ ਇਨਸਾਨ, ਲਾਸਾਨੀ ਦੇਸ਼-ਭਗਤ, ਕੁਰਬਾਨੀ ਦਾ ਮੁਜੱਸਮਾ, ਗਰੀਬੁਲ ਨਿਵਾਜ਼ ਬੇਕਸਾਂ ਦਾ ਯਾਰ, ਇਨਕਲਾਬੀ ਜੋਧਾ, ਕਰਮ ਯੋਗੀ ਤੇ ਮਰਦ-ਅਗਮੜਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਸ਼ਖ਼ਸੀਅਤ ਹੈ।**

ਗੁਰਦੇਵ ਜੀ ਨੇ ਜਿਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਕਮਾਇਆ, ਸੂਖਮ ਰੂਹਾਨੀ ਤੱਤਾਂ ਨੂੰ ਸਥੂਲ ਰੂਪ ਦਿੱਤਾ, ਗੁਪਤ ਰਮਜ਼ਾਂ ਨੂੰ ਪ੍ਰਗਟ ਕੀਤਾ, ਅਦ੍ਰਿਸ਼ਟ ਭਾਵਾਂ ਨੂੰ ਦ੍ਰਿਸ਼ਟਮਾਨ ਸ਼ਕਲ ਦਿੱਤੀ, ਆਪ ਜੀ ਦੇ ਉਲੱਥੇ ਦਾ ਕਮਾਲ ਹੈ। ਗੁਰਬਾਣੀ ਅਮੁੱਕ ਖ਼ਜ਼ਾਨਾ ਹੈ, ਅੰਮ੍ਰਿਤ ਨਾਮ ਦਾ, ਜਿਸ ਦੇ ਦੈਵੀ ਗੁਣਾਂ ਨੂੰ ਪ੍ਰਗਟ ਪਹਾਰੇ ਦ੍ਰਿਸ਼ਟਾਉਣ ਲਈ ਪਾਵਨ ਅੰਮ੍ਰਿਤ ਦੀ ਰਸਮ ਨੂੰ ਏਨਾ ਉੱਚਾ ਤੇ ਲਾਜ਼ਮੀ ਰੁਤਬਾ ਦਿੱਤਾ ਕਿ ਇਹ ਸਿੱਖੀ ਦਾ ਅਟੁੱਟ ਅੰਗ ਬਣ ਗਈ ਹੈ।

ਆਪੇ ਸਤਿਗੁਰੁ ਆਪਿ ਹੈ ਚੇਲਾ, ਉਪਦੇਸੁ ਕਰੈ ਪ੍ਰਭ ਆਪੇ ॥੩॥
ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ॥
ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ॥ ੪॥੩॥ (੬੦੫)

ਉਪਰੋਕਤ ਗੁਰ-ਫੁਰਮਾਨ ਵਿਚ ਦਰਸਾਏ ਗੁਣਾਂ ਨੂੰ ਕਿਸੇ ਜੀਵ ਦੀ ਗਿਆਨ-ਸ਼ਕਤੀ ਪੂਰਨ ਤੌਰ ਤੇ ਨਾ ਜਾਣੇ ਤਾਂ ਸੰਭਵ ਹੈ, ਪਰ ਕਲਗੀਧਰ ਪਿਤਾ ਦਾ ਪੰਜਾਂ ਪਿਆਰਿਆਂ ਨੂੰ ਆਪਣਾ ਰੂਪ ਬਨਾਉਣਾ, ਅੰਮ੍ਰਿਤ ਨਾਮ ਦੇਣ ਦਾ ਅਧਿਕਾਰੀ ਬਨਾਉਣਾ, ਆਪਣਾ ਸਾਰਾ ਤੇਜ ਪਰਤਾਪ ਦੇਣਾ ਤੇ ਆਪ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰਨਾ ਤੇ ਹੋਰ ਸੰਬੰਧਤ ਘਟਨਾਵਾਂ ਤੱਕ ਕੇ ਗੁਰ-ਚੇਲੇ ਦੀ ਇਕ-ਰੂਪਤਾ ਨੂੰ ਸਮਝਣ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ।

ਭਾਈ ਗੁਰਦਾਸ ਸਿੰਘ ਨੇ ਇਸ ਆਤਮਕ ਸੰਬੰਧ ਨੂੰ ੪੧ਵੀਂ ਵਾਰ ਰਾਹੀਂ ਇਉਂ ਬਿਆਨ ਕੀਤਾ ਹੈ—

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੭॥

ਗੁਰੂ ਨਾਨਕ ਘਰ ਦੀ ਇਹ ਅਨੋਖੀ ਵਿਸ਼ੇਸ਼ਤਾ ਹੈ ਕਿ ਸਾਰੇ ਗੁਰੂ-ਵਿਅਕਤੀਆਂ ਨੇ ਫੋਕਟ ਪਰਚਾਰ ਨਹੀਂ ਕੀਤਾ, ਖ਼ੁਦ ਅਮਲ ਵਿਚ ਲਿਆ ਕੇ ਦਿਖਾਇਆ। ਪੰਚਮ ਪਾਤਸ਼ਾਹ ਦਾ ਸ਼ਹਾਦਤ ਦਾ ਜਾਮ ਪੀਣਾ ਹੀ ਆਪਾ ਵਾਰਨ ਦਾ ਅਸਲੀ ਉਪਦੇਸ਼ ਸੀ। ਦਸਮੇਸ਼ ਪਿਤਾ ਜੀ ਗੁਰਸਿਖਾਂ ਦੀ ਪ੍ਰੀਖਿਆ ਲੈਣ ਤੋਂ ਪਹਿਲਾਂ ਮਜ਼ਬੂਤ ਦਿਲ ਨਾਲ ਆਪਣੇ ਪਿਆਰੇ ਪਿਤਾ ਨੂੰ ਦੀਨ ਕੇ ਹੇਤ ਕੁਰਬਾਨ ਹੋਣ ਲਈ ਦਿੱਲੀ ਭੇਜ ਚੁਕੇ ਸਨ। ਬੀਰ ਰਸ ਦੇ ਸੰਬੰਧ ਵਿਚ ਗੁਰਸਿਖ ਲਈ ਸੰਸਾਰ ਵਿਚ ਕੋਈ ਉਪਦੇਸ਼ ਏਨਾ ਪ੍ਰਭਾਵਸ਼ਾਲੀ ਨਹੀਂ, ਕੋਈ ਸਿੱਖਿਆ ਏਨੀ ਅਸਰਦਾਇਕ ਨਹੀਂ ਜਾਂ ਕੋਈ ਭਾਸ਼ਣ ਏਨਾ ਜ਼ੋਰਦਾਰ ਨਹੀਂ ਕਿ ਉਹ ਪਿਤਾ, ਪੜਦਾਦਾ, ਚਾਹੇ ਲਖਤੇ ਜਿਗਰ


www.AKJ.Org

ਤ ਪੂਜਨੀਕ ਮਾਤਾ ਦੀ ਸ਼ਹਾਦਤ ਦੀ ਪ੍ਰੇਰਨਾ ਦਾ ਅਸਥਾਨ ਲਵੇ।

ਜਿਸ ਪ੍ਰਾਣੀ ਦੇ ਮਨ ਵਿੱਚ ਪਰਉਪਕਾਰੀ ਭਾਵਨਾ ਦੀ ਚਾਹ ਹੋਵੇ, ਜਾਂ ਕ੍ਰਾਂਤੀ ਲਿਆਉਦ ਦੀ ਤਮੰਨਾ ਹੋਵੇ, ਉਹ ਕਲਗੀਧਰ ਪਿਤਾ ਦੀ ਰੁਝੇਵੇਂ ਭਰੀ ਜ਼ਿੰਦਗੀ ਦਾ ਗਹੁ ਨਾਲ ਅਧਿਐਨ ਕਰੇ ਤਾਂ ਪਤਾ ਲੱਗੇਗਾ ਕਿ ਇਨਕਲਾਬ ਦਾ ਸੋਮਾ ਮਿੰਨਤਾਂ, ਜੋਦੜੀਆਂ, ਅਰਜ਼ੋਈਆਂ ਤੇ ਲੇਲੜ੍ਹੀਆਂ ਕੱਢਣਾ ਨਹੀਂ, ਕੇਵਲ ਸ਼ਕਤੀ ਹੈ। ਸ਼ਕਤੀ, ਸ਼ਕਤੀਵਾਨ ਪਰਮਾਤਮਾ ਦਾ ਵਿਸ਼ੇਸ਼ ਗੁਣ ਹੈ। ਇਸ ਦਾ ਸੋਮਾ ਤਿਆਗ, ਨਿਡਰਤਾ ਅਨੁਸ਼ਾਸਨ, ਤੇ ਸਭ ਤੋਂ ਵਧ ਸੂਰਬੀਰ ਸਾਹਸੀ, ਕਰਮਸ਼ੀਲ ਲੀਡਰ ਦੀ ਅਗਵਾਈ ਹੈ।

ਇਤਿਹਾਸ ਅਨੁਸਾਰ ਸਿੱਖ ਪੰਥ ਦੀ ਸਥਾਪਨਾ ਤੇ ਖਾਲਸਈ ਰੂਪ ਦੇਣ ਨਿਭਾਉਣ ਦਾ ਪਾਵਨ ਫ਼ਰਜ਼ ਅਕਾਲ ਪੁਰਖ ਵਲੋਂ ਵਿਅਕਤੀਗਤ ਤੌਰ ਤੇ ਪਹਿਲੀ ਤੇ ਦਸਵੀਂ ਪਾਤਸ਼ਾਹੀ ਨੂੰ ਸੌਂਪਿਆ ਗਿਆ ਸੀ। ਜਿਵੇਂ ਕਿ ਹਰੇਕ ਇਨਕਲਾਬੀ ਕਾਰਜ ਜਾਂ ਸੁਧਾਰ ਦਾ ਆਰੰਭ ਹੁੰਦਾ ਹੈ, ਸਤਿਗੁਰੂ ਨਾਨਕ ਦੇਵ ਜੀ ਨੇ ਆਪਣਾ ਉਪਦੇਸ਼ ਸ਼ਾਂਤਮਈ ਰੂਪ ਵਿਚ ਦਿੱਤਾ, ਭਾਵੇਂ ਬਾਅਦ ਵਿਚ ਰੂਹਾਨੀ ਆਦਰਸ਼ ਦੀ ਰੱਖਿਆ ਤੇ ਪੂਰਤੀ ਲਈ ਬਲੀਦਾਨ ਵੀ ਕਰਨੇ ਪਏ ਤੇ ਤਲਵਾਰ ਵੀ ਹੱਥ ਵਿਚ ਫੜਨੀ ਪਈ।

ਔਰੰਗਜ਼ੇਬ ਦੀ ਫ਼ਿਰਕਾ-ਪ੍ਰਸਤੀ ਤੇ ਵਿਤਕਰੇ ਭਰੀ ਨੀਤੀ ਸਿਖਰ ਤਕ ਜਾ ਪਹੁੰਚੀ। ਹਿੰਦੂਆਂ ਉਤ ਅਕਹਿ ਤੇ ਅਸਹਿ ਅਤਿਆਚਾਰਾਂ ਦਾ ਪਹਾੜ ਟੁੱਟ ਪਿਆ। ਆਤਮਾ ਦਾ ਕਚੂਮਰ ਨਿਕਲਣ ਕਰਕੇ ਉਨ੍ਹਾਂ ਦੀ ਹਸਤੀ ਬਿਲਕੁਲ ਖੋਖਲੀ ਬਣ ਗਈ। ਅਜਿਹੇ ਵਾਤਾਵਰਨ ਵਿਚ ਗੁਰਦੇਵ ਪਿਤਾ ਨੂੰ ਖੰਡੇ ਦੀ ਧਾਰ ਤੇ ਖਾਲਸੇ ਦੀ ਸਿਰਜਨਾ ਕਰ ਕੇ, ਸੰਤ ਜਨਾਂ ਦੀ ਰੱਖਿਆ ਤੇ ਦੁਸ਼ਟਾਂ ਦਾ ਨਾਸ ਕਰਨ ਦਾ ਵਿਸ਼ੇਸ਼ ਇਲਾਹੀ ਫ਼ੁਰਮਾਨ ਪ੍ਰਾਪਤ ਹੋਇਆ ਸੀ। ਸ਼ੁਰੂ ਵਿਚ ਤਾਂ ਗੀਦੀ ਪਹਾੜੀ ਰਾਜਿਆਂ ਦੀ ਕਪਟ ਨੀਤੀ ਤੇ ਸਥਾਨਕ ਮੁਗ਼ਲ ਸਰਦਾਰਾਂ ਦੀ ਮਨ-ਮਾਨੀ ਵਧੀਕੀ ਦੇ ਵਿਰੁੱਧ ਜੱਦੋ ਜਿਹਦ ਕਰਨੀ ਪਈ, ਪਰ ਇਹ ਗੱਲ ਇੱਥੇ ਨਹੀਂ ਮੁੱਕੀ। ਹਜ਼ੂਰ ਦੇ ਰਾਜ-ਜੋਗ ਨੇ ਐਸੀ ਇਨਕਲਾਬੀ ਕਲਾ ਵਰਤਾਈ ਕਿ ਗੁਰਸਿੱਖਾਂ ਦੇ ਹਿਰਦੇ ਅੰਦਰ ਸੰਘਰਸ਼ ਤੇ ਜਿੱਤ ਦਾ ਅਹਿਸਾਸ ਲਬਾ ਲਬ ਭਰ ਗਿਆ। ਲਾਜਵਾਬ ਜਰਨੈਲ ਨੇ ਬੀਰ ਰਸ ਦੀ ਐਸੀ ਸਪਿਰਟ ਭਰੀ, ਮਨੋ-ਬਲ ਨੂੰ ਇਸ ਹੱਦ ਤਕ ਉੱਚਾ ਕੀਤਾ ਕਿ ਸੰਤ-ਸਿਪਾਹੀਆਂ ਦੀ ਫੌਜ ਅੰਦਰ ਵਿਸ਼ਾਲ ਸਲਤਨਤ ਵਿਰੁੱਧ ਟੱਕਰ ਲੈਣ ਦੀ ਭਾਵਨਾ ਨੇ ਤੂਫਾਨੀ ਰੂਪ ਧਾਰਨ ਕਰ ਲਿਆ। ਦੋਹਰੀ ਸ਼ਕਤੀ ਦਾ ਮਾਲਕ, ਸੱਚ ਦਾ ਤੂਫ਼ਾਨ, ਰੋਕਿਆਂ ਨਹੀਂ ਰੁਕਿਆ, ਤੇ ਮੁਗ਼ਲ ਹਕੂਮਤ ਦਾ ਦੀਰਘ ਰੁੱਖ ਜੜ੍ਹਾਂ ਤੋਂ ਹਿੱਲ ਗਿਆ। ਹੋਣੀ ਨੇ ਮਜਬੂਰ ਹੋ ਕੇ ਬ੍ਰਿਛ ਨੂੰ ਪੁੱਟਿਆ ਤੇ ਪਟਕਾ ਕੇ ਧਰਤੀ ਤੇ ਸੁੱਟ ਦਿੱਤਾ।

ਔਖੇ ਤੋਂ ਔਖੇ ਪੰਧ ਤੇ ਚੱਲਣ ਵਾਲੇ ਪਾਂਧੀ, ਸਰੀਰਕ ਤੇ ਮਾਨਸਿਕ ਤੌਰ ਤੇ ਜੀਅ ਦਾਨ ਦੇਣ ਵਾਲੇ ਦਾਤਾ, ਹਿੰਦ ਦੀ ਕਿਸਮਤ ਦੇ ਵਿਧਾਤਾ, ਤੇ 'ਰਾਜ ਕਰੇਗਾ ਖਾਲਸਾ' ਦੇ ਅਸੰਭਵ ਸੰਕਲਪ ਨੂੰ ਪੂਰਾ ਕਰਨ ਵਾਲੇ, 'ਕਾਦਰੇ ਹਰ ਕਾਰ ਗੁਰੂ ਗੋਬਿੰਦ ਸਿੰਘ' ਜੀ, ਧੀਰਜ ਦੇਪੁਤਲੇ, ਪੂਰਨ ਕਰਮਵੀਰ ਹਨ। ਆਪ ਜੀ ਦੇ ਅਦੁੱਤੀ ਕਾਰਨਾਮੇ ਦੀ ਪੂਰਬ-ਝਲਕ, ਸਹਜ ਗਿਆਨੀ, ਭਗਤ ਕਬੀਰ ਜੀ ਦੇ ਆਪਣੇ ਅਨੁਭਵੀ ਵਿਚਾਰ ਸਪੱਸ਼ਟ ਤੌਰ ਤੇ ਪ੍ਰਗਟਾਉਂਦੇ ਤੇ ਦ੍ਰਿੜ੍ਹਾਉਦੇ ਹਨ—

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥
ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ਰਹਾਉ॥
ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥
ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਹਿ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥



www.AKJ.Org

ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮਾਰਿ ॥੪॥
ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥ (ਰਾਮਕਲੀ, ੯੬੯-੭੦)

ਭਗਤ ਕਬੀਰ ਜੀ ਨੇ ਐਸੇ ਗੁਣਾ ਤੇ ਤੱਤਾਂ ਦਾ ਵਰਨਣ ਕੀਤਾ ਹੈ, ਜਿਨ੍ਹਾਂ ਦਾ ਸਬੰਧ ਸਿੱਧੇ ਤੌਰ ਤੇ ਦਸਮੇਸ਼ ਪਿਤਾ ਦੀਆਂ ਕਰਣੀਆਂ ਨਾਲ ਜੁੜਿਆ ਹੋਇਆ ਹੈ। ਆਪ ਸਰਗੁਨ ਸਰੂਪ ਵਿਚ "ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥*" ਹੁੰਦੇ ਹਨ ਤੇ ਸੰਤਾਂ ਨੂੰ ਮਾਣ ਦੇਣ ਤ ਦੁਸ਼ਟਾਂ ਨੂੰ ਡੰਨ ਦੇਣ ਵਾਲੇ ਕੋਤਵਾਲ ਦਾ ਕਰਤੱਵ ਬਖ਼ੂਬੀ ਨਿਭਾਉਂਦੇ ਹਨ। ਕੂਕਰ ਵਾਂਗ ਆਤਮ-ਸਮਰਪਨ, ਅੰਮ੍ਰਿਤ ਰਸ ਦੇ ਭੁੰਚਣ ਤੇ ਦਾਗੇ ਹੋਏ ਦਾ ਜੰਗ ਵਿਚ ਜੂਝਣ ਦਾ ਅਮਲੀ ਉਪਦੇਸ਼ ਕੇਵਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਣ ਆਉਂਦਾ ਹੈ, ਹੋਰ ਕਿਸੇ ਨੂੰ ਨਹੀਂ। ਖਾਲਸੇ ਦੇ ਵਿਰੁੱਧ ਲੜਾਈਆਂ ਵਿਚ ਮੁਗਲਾਂ ਤੇ ਪਠਾਣਾਂ ਦਾ ਮੈਦਾਨਿ ਜੰਗ ਵਿਚੋਂ ਨੱਸ ਜਾਣ ਦੀ ਇਤਿਹਾਸਕ ਸਚਾਈ 'ਬਿਨੁ ਦਾਗੇ ਭਗਿ ਜਾਈ' ਦੇ ਅਮਰ ਤੱਥ ਦੀ ਪ੍ਰੋੜ੍ਹਤਾ ਕਰਦੀ ਹੈ। ਇਸ ਪ੍ਰਤੀ ਭਾਈ ਨੰਦ ਲਾਲ ਜੀ ਦੇ ਆਪਣੇ ਸ਼ਬਦ ਵੀ ਇੰਨ ਬਿੰਨ ਮੇਲ ਖਾਂਦੇ ਹਨ—

ਲਾਲ ਸਗਿ ਗੁਲਾਮਿ ਗੁਰ ਗੋਬਿੰਦ ਸਿੰਘ ॥
ਦਾਗਦਾਰਿ ਨਾਮਿ ਗੁਰ ਗੋਬਿੰਦ ਸਿੰਘ ॥੧੫੭॥ (ਗੰਜਨਾਮਾ)

ਪੰਜ ਕਕਾਰੀ ਰਹਿਤ ਵਿਚ ਪੂਰੇ, ਨਾਮ ਅਭਿਆਸੀ, ਅੰਮ੍ਰਿਤ-ਧਾਰੀ ਗੁਰਸਿੱਖ ਨੂੰ ਪਿਤਾ ਦੀ ਸਾਰੀ ਜਾਇਦਾਦ ਦਾ ਹੱਕ ਮਿਲਦਾ ਹੈ। ਜੇ ਉਹ ਦਲੇਰ, ਉੱਦਮੀ, ਬਚਨ ਦਾ ਪੂਰਾ, ਸਾਹਸੀ ਤੇ ਜਾਨਬਾਜ਼ ਹੈ; ਜੇ ਉਹ ਕਰਮ ਕਰਕੇ ਨਿਰਬਲ, ਅਨਾਥ, ਨਿਆਸਰੇ ਦੀ ਬਲਵਾਨ ਭੁਜਾ ਹੈ ਤਾਂ ਇਹ ਉਸ ਦੀ ਨਿੱਜੀ ਸਿਆਣਪ ਤੇ ਮਿਹਨਤ ਦਾ ਫਲ ਨਹੀਂ, ਬਲਕਿ ਨਿਧੜਕ ਰਹਿਬਰ, ਤੇ ਕਰਮਵੰਤ ਉਲਥਾਕਾਰ ਦੀ ਅੰਮ੍ਰਿਤ ਦ੍ਰਿਸ਼ਟੀ ਤੇ ਪਾਰਸਮਈ ਛੁਹ ਦੀ ਜ਼ਾਹਰਾ ਕਰਾਮਾਤ ਹੈ।

*ਪਾ: ੧੦, ਕਬ੍ਯੋ ਬਾਚ ਚੌਪਈ, ਅੰਕ ੧੨

## 'ਭਗਉਤੀ' ਸ਼ਬਦ

ਭਗਉਤੀ (ਭਗੌਤੀ) ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਕਈ ਵਾਰ ਆਇਆ ਹੈ ਅਤੇ ਵੱਖ ਵੱਖ ਅਰਥਾਂ ਵਿਚ ਵਰਤਿਆ ਹੋਇਆ ਹੈ। ਹਰੇਕ ਥਾਵੇਂ ਇਸ ਸ਼ਬਦ ਦੇ ਪ੍ਰਸੰਗਕ ਅਰਥ ਲੈਣੇ ਹਨ। ਇਕ ਗੱਲ ਬੜੀ ਸਪੱਸ਼ਟ ਹੈ ਕਿ ਸਾਰੇ ਪਾਵਨ ਗ੍ਰੰਥਾਂ ਵਿਚ ਕੇਵਲ ਅਕਾਲ ਪੁਰਖ ਦੀ ਹੀ ਪੂਜਾ ਦ੍ਰਿੜ੍ਹਾਈ ਹੋਈ ਹੈ ਅਤੇ ਬਹੁ-ਦੇਵ ਪੂਜਾ ਦਾ ਖੰਡਨ ਹੈ।

ਕਈ ਸਨਾਤਨੀ ਟੀਕਾਕਾਰਾਂ ਦੇ ਵੱਖ ਵੱਖ ਬਾਣੀਆਂ ਦਾ ਟੀਕਾ ਕਰਨ ਲੱਗਿਆਂ 'ਭਗਉਤੀ' ਸ਼ਬਦ ਦੇ ਅਰਥਾਂ ਬਾਰੇ ਟਪਲਾ ਖਾਧਾ ਹੈ ਤੇ ਬਹੁਤੀ ਥਾਈਂ ਇਸ ਦੇ ਅਰਥ ਦੇਵੀ ਦੇ ਕੀਤੇ ਹਨ; ਪਰ ਗੁਰਮਤੀ ਵਿਚਾਰਧਾਰਾ ਵਾਲੇ ਸਾਰੇ ਟੀਕਾਕਾਰਾਂ ਅਤੇ ਵਿਦਵਾਨ ਲੇਖਕਾਂ ਨੇ ਇਸ ਦੇ ਪ੍ਰਸੰਗਕ ਅਤੇ ਸਹੀ ਅਰਥ ਕੀਤੇ ਹਨ।

ਮਾਰਕੰਡੇ ਪੁਰਾਣ ਦੇ ਚੌਧਵੇਂ ਅਧਿਆਇ ਨੇ ਇਕ ਭਾਗ ਦਾ ਨਾਮ 'ਦੁਰਗਾ ਪਾਠ' ਅਥਵਾ 'ਦੁਰਗਾ ਸਪਤ-ਸਤੀ' ਹੈ, ਉਸ ਦਾ ਖੁਲ੍ਹਾ ਅਨੁਵਾਦ ਸਤਿਗੁਰੂ ਜੀ ਨੇ ਭਾਰਤੀ ਜਨਤਾ ਵਿਚ ਸੂਰਬੀਰਤਾ ਉਜਾਗਰ ਕਰਨ ਲਈ ਕੀਤਾ ਕਰਵਾਇਆ। 'ਦੁਰਗਾ ਪਾਠ' ਅਤੇ 'ਦੁਰਗਾ ਸਪਤਸਤੀ' ਵਿਚ ਦੁਰਗਾ ਦੀ ਵਡਿਆਈ ਨਿਰੂਪਣ ਕੀਤੀ ਹੋਈ ਹੈ, ਪਰ ਸਤਿਗੁਰਾਂ ਨੇ ਇਸ ਨੂੰ 'ਸ੍ਰੀ ਭਗਉਤੀ ਕੀ ਵਾਰ' ਬਣਾ ਦਿੱਤਾ ਅਤੇ ਦੁਰਗਾ ਦੀ ਬਜਾਏ ਸ੍ਰੀ ਭਗਉਤੀ ਜੀ (ਮਹਾਂ ਕਾਲ ਜੀ) ਦੀ ਵਡਿਆਈ ਨਿਰੂਪਣ ਕੀਤੀ, ਜੋ ਕਿ "ਤੈਂ (ਵਾਹਿਗੁਰੂ ਜੀ ਨੇ) ਹੀ ਦੁਰਗਾ ਸਾਜਿ ਕੇ ਦੈਂਤਾਂ ਦਾ ਨਾਸ ਕਰਾਇਆ" ਗੁਰਵਾਕ ਤੋਂ ਸਪੱਸ਼ਟ ਹੈ। ('ਸ੍ਰੀ ਭਗਉਤੀ ਪ੍ਰਬੋਧ' ਟਰੈਕਟ ਦੇ ਅਰੰਭਕ ਸ਼ਬਦਾਂ ਵਿਚੋਂ


www.AKJ.Org

# ਭੀਖਨ ਸ਼ਾਹ ਫ਼ਕੀਰ

[ਭਾ: ਸਾ: ਭਾਈ ਵੀਰ ਸਿੰਘ ਜੀ]

ਕਰਤਾਰ ਦੇ ਰੰਗ, ਕਿੱਥੇ ਪੰਜਾਬ ਅਰ ਪੰਜਾਬ ਦਾ ਕੇਂਦਰ ਰਾਮਦਾਸ ਪੁਰਾ ਅਰ ਇਸ ਦੇ ਪਾਸ ਦਾ ਪਿੰਡ ਗੁਰੂ ਕੀ ਰੋੜ ਜਿੱਥੇ ਨੌਵੇਂ ਗੁਰੂ ਜੀ ਬਿਰਾਜ ਰਹੇ ਸਨ, ਕਿਥੇ ਵਾਹਿਗੁਰੂ ਦੇ ਗਯਾਨ ਨੂੰ ਪ੍ਰਕਾਸ਼ ਕਰਨ ਦਾ ਉਦਮ ਤੇ ਉਸ ਉਦਮ ਦਾ ਉਤਸ਼ਾਹ :

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥੮॥ (ਪੰਨਾ ੨੭੩)

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਸਾਮ ਦੇਸ਼ ਪ੍ਰਚਾਰ ਕਰਨ ਲਈ ਆਪਣੇ ਸੀਸ ਪਰ ਬਿਰਾਜਮਾਨ ਕਰਵਾ ਕੇ ਲੈ ਤੁਰਿਆ । ਇਸ ਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤਿਨਾਮ ਦਾ ਛੱਟਾ ਦਿੱਤਾ ਸੀ, ਉਹ ਅੰਗੂਰੀ ਹੁਣ ਕੁਝ ਕੁਮਲਾਉਂਦੀ ਸੀ, ਜਿਸ ਨੂੰ ਹਰੀ ਭਰੀ ਕਰਨੇ ਨਮਿੱਤ ਸ੍ਰੀ ਗੁਰੂ ਜੀ ਤਿਆਰ ਹੋਏ । ਪੰਜਾਬ ਛੱਡਿਆ ਅਰ ਅਨੰਦ-ਭਵਨ ਅਨੰਦਪੁਰ ਬੀ ਛਡਿਆ, ਸ੍ਰੀ ਗੁਰੂ ਤੇਗ ਬਹਾਦਰ ਸ੍ਰਿਸ਼ਟੀ ਦੀ ਚਾਦਰ ਪੂਰਬ ਰੁਖ਼ ਨੂੰ ਤੁਰ ਪਏ । ਥਾਂ ਥਾਂ ਧਰਮ ਉਪਦੇਸ਼ ਕਰਦੇ ਅਨੇਕ ਤੀਰਥੀਂ ਅੱਪੜ ਕੇ ਤੀਜੇ ਜਾਮੇ ਦੇ ਕੌਤਕ ਵਾਂਙੂ—

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥੨॥ (ਪੰਨਾ ੧੧੧੬)

ਸ੍ਰਿਸ਼ਟੀ ਨੂੰ ਤਾਰਦੇ, ਭੈ ਭਰਮ ਵਿਚੋਂ ਕੱਢਦੇ, ਸਤਿਨਾਮ ਦੇ ਪੁਲ ਪਰ ਚੜ੍ਹਾਉਂਦੇ, ਜੀਅ ਦਾਨ, ਨਾਮ ਦਾਨ, ਵਿਸਾਹ ਦਾਨ, ਭਰੋਸਾ ਦਾਨ, ਸਿਦਕ ਦਾਨ, ਅੰਨ ਦਾਨ, ਬਸਤ੍ਰ ਦਾਨ, ਮਿੱਠੇ ਬਚੰਨ ਦਾਨ, ਪ੍ਰੇਮ ਦਾਨ ਦੇਂਦੇ ਤ੍ਰਿਬੇਣੀ ਪਹੁੰਚ ਕੇ ਉਸ ਥਾਂ ਦੇ ਵਾਸੀਆਂ ਨੂੰ ਸੱਚੀ ਤ੍ਰਿਬੇਣੀ ਦਾ ਮਾਰਗ ਦੱਸਿਆ :

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥
ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥੧੫੨॥ (ਸਲੋਕ ਕਬੀਰ)

ਅਨੇਕਾਂ ਤ੍ਰਿਬੇਣੀ ਨਦੀ ਵਿਚ ਫਸਿਆਂ ਨੂੰ ਕੱਢ ਕੇ ਇਸ ਸਹਜ ਪਦ ਦੀ ਤ੍ਰਿਬੇਣੀ ਵਿਚ ਪੁਚਾਇਆ ਤੇ ਭਾਰੀ ਪੁੰਨ ਦਾਨ ਕੀਤੇ :

"ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਪੰਨਾ ੭੪੯)

ਫੇਰ ਆਪ ਪਟਣੇ ਸ਼ਹਿਰ ਪਹੁੰਚੇ । ਚਾਚੇ ਫੱਗੂ ਵਰਗੇ ਪਯਾਰੇ ਤੇ ਅਨੇਕਾਂ ਸਿਦਕੀ ਇਸ ਦੇਸ਼ ਵਿਚ ਵੱਸਦੇ ਸੇ, ਉਸ ਦੇਸ਼ ਨੂੰ ਕ੍ਰਿਤਾਰਥ ਕਰਦੇ ਹੋਏ ਪਟਣੇ ਠਹਿਰ ਗਏ ।

ਇਸ ਦੇਸ਼ ਨੇ ਅੱਗੇ ਇਕ ਬੁੱਧੀਮਾਨ ਦਾ ਦਰਸ਼ਨ ਕੀਤਾ ਸੀ, ਜਿਸ ਨੇ ਨੇਕੀ ਦੇ ਚਸ਼ਮੇ ਵਲੋਂ ਚੁੱਪ ਰੱਖ ਕੇ ਨਿਰੀ ਨੇਕੀ ਪ੍ਰਚਾਰੀ ਸੀ, ਸੋ ਲੋੜ ਸੀ ਕਿ ਧਰਤੀ ਦੀ ਉਹ ਭੁੱਖ, ਜੋ ਕਾਦਰ ਵਿਹੂਣੇ ਕੁਦਰਤ ਦੇ ਪ੍ਰੇਮੀਆਂ ਵਿਚ ਰਹਿੰਦੀ ਹੈ, ਪੂਰੀ ਹੋਵੇ । ਹੁਣ ਉਸ ਧਰਤੀ ਵਿਚ ਉਸ ਨੇ ਅਵਤਾਰ ਲੈਣਾ ਸੀ ਜੋ ਪੂਰਨ ਨੇਕੀ ਨੂੰ ਜਾਣਦਾ ਸੀ, ਪਰ ਜਿਥੋਂ ਨੇਕੀ ਨਿਕਲੀ ਹੈ ਉਸ ਦਾ ਬੀ ਪੱਕਾ ਸਿਞਾਣੂੰ ਸੀ । ਜੋ ਇਹ ਕਹਿਣ ਦੀ ਲੋੜ ਨਹੀਂ ਸੀ ਰੱਖਦਾ ਕਿ 'ਪਰਦੇ ਦੇ ਬਾਦ ਪਰਦਾ ਹੈ', ਸਗੋਂ ਜੋ ਇਹ ਕਹਿ ਸਕਦਾ ਸੀ ਕਿ :

ਆਦਿ ਪੁਰਖ ਅਬਿਗਤ ਅਬਿਨਾਸੀ ॥ ਲੋਕ ਚਤਰਦਸ ਜੋਤਿ ਪ੍ਰਕਾਸੀ ॥੧॥ (ਅਕਾਲ ਉਸਤਤਿ)

ਜਿਸ ਨੇ ਹੁਕਮ ਦਾ ਥਹੁ ਹੀ ਨਿਰਾ ਨਹੀਂ ਸੀ ਦੱਸਣਾ, ਪਰ ਹੁਕਮ ਦੇ ਮਾਲਕ ਕਰਤਾਰ ਦਾ ਬੀ ਪੂਰਨ ਗਿਆਨ ਦੇ ਕੇ ਇਹ ਦੱਸਣਾ ਸੀ :

ਫੋਕਟ ਧਰਮ ਬਿਸਾਰ ਸਭੈ ਕਰਤਾਰ ਹੀ ਕੋ ਕਰਤਾ ਜੀਅ ਜਾਨਯੋ ॥੧੨॥ (ਤੇਤੀ ਸਵੱਯੇ)

ਪੁਨਾ : ਸਿਧ ਸ੍ਵਯੰਭੂ ਪ੍ਰਸਿੱਧ ਸਭੈ ਜਗ ਏਕ ਹੀ ਠਉਰ ਅਨੇਕ ਬਖਾਨੇ ॥
ਰੇ ਮਨ ਰੰਕ ਕਲੰਕ ਬਿਨਾ ਹਰਿ ਤੈ ਕਿਹ ਕਾਰਨ ਤੇ ਨ ਪਛਾਨੇ ॥੫॥ (ਤੇਤੀ ਸਵੱਯੇ)

ਹਾਂ, ਉਸ ਧਰਤੀ ਨੂੰ ਇਹ ਫ਼ਖ਼ਰ ਮਿਲਣਾ ਸੀ ਕਿ ਸੰਸਾਰ ਦਾ ਸਭ ਤੋਂ ਵੱਡਾ ਅਵਤਾਰ, ਸਭ ਤੋਂ ਵੱਡਾ



www.AKJ.Org

ਮੁਕਤਿ ਦਾਤਾ, ਸਭ ਤੋਂ ਵੱਡਾ ਬੀਰ, ਸਭ ਤੋਂ ਵੱਡਾ ਸੁਤੰਤ੍ਰਤਾ ਦਾ ਦਾਤਾ, ਸਭ ਤੋਂ ਵੱਡਾ ਸੰਸਾਰ ਵਿਚ ਵਟਾਉ ਪੈਦਾ ਕਰਨੇ ਵਾਲਾ, ਗੁਰੂ, ਅਵਤਾਰ, ਕਵੀ, ਵਿਦਵਾਨ, ਨੀਤੀਵੇਤਾ, ਸੈਨਾਪਤ, ਗ੍ਰਿਹਸਤੀ, ਸਾਧੂ, ਤਯਾਗੀ, ਉਪਦੇਸ਼-ਦਾਤਾ, ਕਰਨੀ ਤੇ ਕਹਿਣੀ ਦਾ ਸੂਰਾ ਇਥੇ ਪ੍ਰਗਟ ਹੋਇਆ ਹੈ। ਏਸੇ ਨਮਿੱਤ ਪ੍ਰਕਾਸ਼ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ 'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ' ਇਸ ਸਥਲ ਤੇ ਬਿਰਾਜਮਾਨ ਹੋ ਗਏ ਸਨ। ਕੁਛ ਸਮਾਂ ਰਹਿ ਕੇ ਪਰਿਵਾਰ ਨੂੰ ਏਥੇ ਛਡ ਕੇ ਆਪ ਆਸਾਮ ਚਲੇ ਗਏ ਹੋਏ ਸਨ।

(੨)

ਇਥੇ ਹੀ ਸੰਮਤ ੧੭੨੩ ਦਾ ਭਾਗੇ ਭਰਿਆ ਪੋਹ ਦਾ ਮਹੀਨਾ ਆ ਗਿਆ, ਅਗੇ ਬੀ ਸੱਤ ਸਦੀਆਂ ਤੋਂ ਕਈ ਪੋਹ ਇਸ ਭਾਰਤ ਪਰ ਆ ਰਹੇ ਸੇ, ਪਰ ਜ਼ੁਲਮ ਦਾ ਕੱਕਰ ਸਦਾ ਹੀ ਪੈਂਦਾ ਰਿਹਾ, ਅਰ ਏਹ ਸਤੀ ਹੋਈ ਭਾਰਤ ਭੂਮੀ ਪਿਆਰੇ ਦੇ ਪ੍ਰੇਮ ਵਿਚ ਮਾਨੋ ਐਉਂ ਪੁਕਾਰਦੀ ਰਹੀ :

ਪੋਖਿ ਤੁਖਾਰੁ ਪੜੈ ਵਣੁ ਤਿਣੁ ਰਸੁ ਸੋਖੈ ॥ ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥ (ਪੰਨਾ ੧੧੦੯)

ਪਰ ਹੁਣ ਕਿਹੋ ਜਿਹਾ ਪੋਹ ਆਇਆ ? ਦੁਖ ਹਰਨ ਵਾਲਾ, ਪਿਆਰੇ ਨੂੰ ਸੰਸਾਰ ਪਰ ਲੈ ਆਉਣ ਵਾਲਾ। ਇਸ ਪੋਹ ਦੀ ਮਹਿਮਾ ਐਉਂ ਫਬ ਰਹੀ ਹੈ :

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥
ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥ (ਪੰਨਾ ੧੩੫)

ਐਸੇ ਪਿਆਰੇ ਪੋਹ ਦਾ, ਜਿਸ ਵਿਚ "ਬਿਖਿਆ ਪੋਹਿ ਨ ਸਕਈ" ਦਾ ਬਾਨ੍ਹਣੂ ਬੰਨ੍ਹਣ ਵਾਲਾ ਤੇਜੱਸਵੀ ਮਹਾਰਾਜ ਪ੍ਰਗਟ ਹੋਇਆ ਇਕ ਦਿਹਾੜਾ ਆਇਆ, ਜਿਸ ਦਿਨ ਸਪਤਮੀ ਥਿਤ ਸੀ। ਇਸ ਭਾਗੇ ਭਰੇ ਦਿਨ ਸਵਾ ਪਹਿਰ ਰਾਤ ਰਹਿੰਦੀ ਸ੍ਰੀ ਗੁਰੂ ਤੇਗ ਬਹਾਦਰ, ਧਰਮ ਦੀ ਚਾਦਰ, ਧਰਮ ਧੁਰੰਧਰ, ਪੂਰਨ ਗੁਰ ਅਵਤਾਰ ਜੀ ਦੇ ਗ੍ਰਿਹ—ਮਾਤਾ ਗੁਜਰੀ ਜੀ ਦੇ ਸੁਲੱਖਣੇ ਗ੍ਰਿਹ—ਸ੍ਰੀ ਕਲਗੀਧਰ ਜੀ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰੀ ਹੋਏ। ਮਹਾਂ ਪੁਰਖਾਂ ਦੇ ਅਵਤਾਰ ਧਰਤੀ ਦੇ ਉਧਾਰ ਨਮਿਤ ਹੋਇਆ ਕਰਦੇ ਹਨ। ਜਦ ਕਦੇ ਪ੍ਰਿਥਵੀ ਪਰ ਪਾਪ ਅਤਿ ਹੋ ਜਾਵੇ ਤਦ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ, ਪਰ ਅੰਤਕੀ ਤਾਂ ਪਰਉਪਕਾਰੀਆਂ ਦੇ ਸਿਰਤਾਜ ਆ ਗਏ, ਅਰ ਇਕੋ ਵਾਰੀ ਆ ਕੇ ਚਲੇ ਨਹੀਂ ਗਏ, ਦਸ ਜਾਮੇ ਧਾਰੇ। ਇਹ ਹੁਣ ਦਸਵਾਂ ਜਾਮਾ ਉਸੇ ਜੋਤਿ ਨੇ ਧਾਰਿਆ ਹੈ। ਆਤਮ ਸ੍ਰਿਸ਼ਟੀ ਵਿਚ ਆਤਮ ਪ੍ਰਕਾਸ਼ ਹੋਣੇ ਕੁਦਰਤੀ ਬਾਤ ਸੀ। ਸ੍ਰੀਰਕ ਸ੍ਰਿਸ਼ਟੀ ਵਿਚ ਕੋਈ ਰਾਜਾ, ਪਾਤਸ਼ਾਹ ਕਿਤੇ ਜਾਵੇ ਤਾਂ ਸਰੀਰਕ ਉਤਸ਼ਾਹ ਹੁੰਦੇ ਹਨ, ਜਿਨ੍ਹਾਂ ਨੂੰ ਕਰਨੇ ਵਾਲਾ ਸਰੀਰ ਵਿਚ ਲੁਕਿਆ ਬੈਠਾ ਮਨ ਹੁੰਦਾ ਹੈ ਤੇ ਮਨ ਨੂੰ ਸੱਤਯਾ ਆਤਮਾ ਦੇਂਦਾ ਹੈ। ਜਦ ਆਤਮ-ਸ੍ਰਿਸ਼ਟੀ ਦੇ ਤੇਜੱਸਵੀ ਮਹਾਂ ਪੁਰਖ ਆਏ ਤਾਂ ਆਤਮ ਕੌਤਕ ਪ੍ਰਗਟ ਹੋਣੇ ਜ਼ਰੂਰੀ ਸੇ ਤੇ ਆਤਮ-ਰਸੀਆਂ ਪਰ ਇਸ ਦਾ ਅਸਰ ਹੋਣਾ ਭੀ ਕੁਦਰਤੀ ਬਾਤ ਸੀ। ਸੋ ਉਸ ਵੇਲੇ ਇਕ ਤਪੀ ਫ਼ਕੀਰ ਨੇ ਇਸ ਪ੍ਰਕਾਸ਼ ਨੂੰ ਤੱਕ ਕੇ ਸੇਧ ਕੀਤੀ ਅਰ ਉਸੇ ਸੇਧ ਤੇ ਪਟਣੇ ਪਹੁੰਚਾ। ਸ੍ਰੀ ਗੁਰੂ ਜੀ


www.AKJ.Org

ਦੇ ਦਵਾਰੇ ਜਾ ਕੇ ਨਵੇਂ ਆਏ ਦਾਤਾ ਜੀ ਦੇ ਦਰਸ਼ਨਾਂ ਵਾਸਤੇ ਅਰਜ਼ ਗੁਜ਼ਾਰੀ। ਅਗੇ ਆਤਮ-ਰਸੀਆਂ ਦਾ ਇਸ ਘਰ ਆਉਣਾ ਤਾਂ ਐਉਂ ਕਦਰ ਪਾਉਣ ਵਾਲਾ ਸੀ ਜਿਕੂੰ ਸੋਨੇ ਚਾਂਦੀ ਦੇ ਵਪਾਰੀ ਸਰਾਫ਼ ਦੇ ਘਰ ਆਦਰ ਪਾਉਂਦੇ ਹਨ। ਦੈਵੀ ਬਾਲਕ ਨੂੰ ਕੁੱਛੜ ਲੈ ਕੇ ਦਾਈ ਆਈ ਤੇ ਸ਼ਾਹ ਜੀ ਨੇ ਨਮਸਕਾਰ ਕਰ ਕੇ ਆਪਣਾ ਮੱਥਾ ਸਫਲ ਕੀਤਾ। ਸਰੀਰ ਦੇ ਹੁੰਦਿਆਂ ਕਈ ਵੇਰ ਫ਼ਕੀਰਾਂ ਨੂੰ ਬੀ ਪਰਦੇ ਰਹਿੰਦੇ ਤੇ ਸੰਸੇ ਉਠਦੇ ਹਨ। ਹੁਣ ਫ਼ਕੀਰ ਸਾਈਂ ਦੇ ਜੀਅ ਵਿਚ ਸੰਸਾ ਉਠਿਆ, ਪ੍ਰੀਖਿਆ ਦਾ ਸ਼ੌਕ ਆਇਆ ਕਿ ਦੇਖੀਏ ਇਹ ਹਿੰਦੂ ਮਤ ਦੇ ਹੋਣਗੇ ਕਿ ਇਸਲਾਮ ਦੇ? ਉਨ੍ਹਾਂ ਨੇ ਇਹ ਦੇਖਣ ਦੀ ਆਸ਼ਾ ਧਾਰ ਕੇ ਕਿ ਜੇ ਦੁੱਧ ਡੋਲ੍ਹਣਗੇ ਤਦ ਮੁਸਲਮਾਨ, ਜੇ ਪਾਣੀ ਡੋਲ੍ਹਣਗੇ ਤਾਂ ਹਿੰਦੂ ਸਮਝਾਂਗੇ, ਦੋ ਕੁੱਜੀਆਂ ਲੀਤੀਆਂ। ਇਕ ਵਿਚ ਦੁੱਧ, ਦੂਈ ਵਿਚ ਪਾਣੀ ਪਾ ਕੇ ਦੈਵੀ ਬਾਲਕ ਜੀ ਦੇ ਅੱਗੇ ਕੀਤਾ। ਪਰ ਕੌਤਕਹਾਰ ਬਾਲਕ ਨੇ ਇਕ ਪੈਰ ਨਾਲ ਦੋਨੋਂ ਉਲਟਾ ਦਿੱਤੀਆਂ। ਤਦ ਦੇਖੋ ਕਿ ਪਾਣੀ ਤੇ ਦੁੱਧ ਦੋਵੇਂ ਡੁਲ੍ਹ ਕੇ ਰਲ ਮਿਲ ਕੇ ਇਕ ਹੋ ਗਏ। ਪ੍ਰਤੱਖ ਉਪਦੇਸ਼ ਦੇ ਦਿੱਤਾ ਕਿ ਤਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਅਰ ਵਰਣਾਸ਼੍ਰਮ ਦੇ ਹਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ ਦੁੱਧ ਨੂੰ ਇਕ—ਖਾਲਸਾ—ਕਰ ਦਿਆਂਗੇ, ਜਲ ਦੁੱਧ ਦੀ ਪ੍ਰੀਤ ਮਸ਼ਹੂਰ ਹੈ। ਸ੍ਰੀ ਗੁਰਵਾਕ ਹੈ—

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥੪॥ (ਪੰਨਾ ੬੦)

ਐਉ ਹਿੰਦੂ ਤੇ ਮੁਸਲਮਾਨ ਇਕ ਦੂਏ ਨਾਲ ਪਿਆਰ ਕਰਨ ਵਾਲੇ ਬਣਾਵਾਂਗਾ। ਦੁੱਧ ਅੱਗ ਤੇ ਧਰੋ ਤਾਂ ਪਾਣੀ ਸੜਦਾ ਹੈ, ਦੁੱਧ ਨੂੰ ਨਹੀਂ ਸੜਨ ਦੇਂਦਾ; ਦੁੱਧ ਆਪਣੇ ਪਿਆਰੇ ਦਾ ਦੁਖ ਦੇਖ ਕੇ ਉਛਲਦਾ ਤੇ ਆਪ ਅੱਗ ਤੇ ਪੈ ਕੇ ਉਸ ਨੂੰ ਬੁਝਾ ਦੇਂਦਾ ਹੈ, ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖੁਸ਼ ਹੋ ਕੇ ਮੁੜ ਜਾਂਦਾ ਹੈ। ਫ਼ਕੀਰ ਜੀ ਸਮਝ ਗਏ ਕਿ ਇਹ ਪ੍ਰੇਮ ਅਵਤਾਰ ਦੁਹਾਂ ਨੂੰ ਨਿਮ੍ਰਤਾ ਦੀ ਧਰਤੀ ਤੇ ਪਾ ਕੇ ਪ੍ਰੇਮ ਨਾਲ ਗੁੰਨ੍ਹੇਗਾ। ਇਹ ਤੱਕ ਕੇ ਉਸ ਦਾ ਪ੍ਰੇਮ ਹੋਰ ਉਮਗਿਆ ਕਿ ਸ਼ੁਕਰ ਹੈ ਇਸ ਦੁਖੀ ਸ੍ਰਿਸ਼ਟੀ ਦਾ ਪਾਰਉਤਾਰਾ ਹੋਵੇਗਾ। ਫਿਰ ਫ਼ਕੀਰ ਆਪਣੇ ਹੋਰ ਬੀ ਧੰਨ ਭਾਗ ਜਾਣ ਕੇ ਮੱਥਾ ਟੇਕ ਕੇ ਵਿਦਾ ਹੋਇਆ। ਫ਼ਕੀਰ ਦੀ ਆਯੂ ਹੋ ਚੁਕੀ ਸੀ, ਨਹੀਂ ਤਾਂ ਵੇਖਦਾ ਕਿ ਇਸ ਵਾਹਿਗੁਰੂ ਦੇ ਨਿਵਾਜੇ ਬਾਲਕ ਨੇ ਕਿਸ ਤਰ੍ਹਾਂ ਲੋਕਾਂ ਵਿਚੋਂ "ਮੈਂ" ਕੱਢ ਕੇ ਸੀਸ ਭੇਟਾ ਲੀਤੇ ਅਰ ਕਿਸ ਤਰ੍ਹਾਂ ਅੰਮ੍ਰਿਤ ਸਾਜ ਕੇ ਸ੍ਰਿਸ਼ਟੀ ਮਾਤ੍ਰ ਨੂੰ ਜੋੜਨ ਲਈ ਮਾਨੋ ਜੋੜਵਾਂ ਮਸਾਲਾ ਤਿਆਰ ਕਰ ਦਿੱਤਾ। ਕਿਸ ਤਰ੍ਹਾਂ ਹਿੰਦੂ ਸਿਖ ਹੋ ਗਏ, ਕਿਸ ਤਰ੍ਹਾਂ ਬੁੱਧੂ ਸ਼ਾਹ ਵਰਗੇ ਮੁਸਲਮਾਨ ਸਿੱਖੀ ਧਾਰ ਕੇ ਆਪਣੇ ਸਪੁੱਤ੍ਰ ਭੇਟ ਕਰ ਕੇ ਕ੍ਰਿਤ ਕ੍ਰਿਤ ਹੋਏ, ਕਿਸ ਤਰ੍ਹਾਂ ਅੰਮ੍ਰਿਤ ਦਾ ਦਰਵਾਜ਼ਾ ਪ੍ਰਾਣੀ ਮਾਤ੍ਰ ਲਈ ਖੁਲ੍ਹ ਗਿਆ, ਕਿਸ ਤਰ੍ਹਾਂ ਦੇਸ਼ ਨੂੰ ਸੁਤੰਤ੍ਰਤਾ ਮਿਲੀ, ਕਿਸ ਤਰ੍ਹਾਂ ਸੰਸਾਰ ਨੂੰ ਸੱਚਾ ਧਰਮ ਮਿਲਿਆ। [ਖਾਲਸਾ ਸਮਾਚਾਰ, ੯-੧-੬੨

---

[੧੯ ਸਫ਼ੇ ਦੀ ਬਾਕੀ]

ਦਇਆਲ, ਲਾਲ, ਦਾਤਾ, ਕ੍ਰਿਪਾਲ ਤੇ ਸਦਾ-ਸਿਧ-ਦਾਤਾ ਕਿਹਾ ਗਿਆ ਹੈ। ਉਸ ਨੂੰ ਰਾਜਾਨ-ਰਾਜ ਵੀ ਆਖਿਆ ਗਿਆ ਹੈ। ਉਹ ਗਰੀਬ-ਪਰਵਰ ਹੈ, ਇਸ ਲਈ ਉਸ ਨੂੰ ਦੀਨ ਬੰਧੂ ਤੇ ਪ੍ਰਤਿਪਾਲਕ ਨਾਵਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ। "ਚੰਡੀ ਦੀ ਵਾਰ" ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ (ਸੰਘਾਰ-ਕਰਤਾ ਮਹਾਂ ਕਾਲ) ਦੀ ਅਰਾਧਨਾ, ਸ਼ਕਤੀ ਦੇ ਰੂਪ ਵਿਚ ਕੀਤੀ ਹੈ। "ਜਾਪ ਸਾਹਿਬ" ਵਿਚ ਉਸ ਨੂੰ "ਸਰਬ ਲੋਹ" ਤੇ "ਖੜਗ ਕੇਤ" ਦੇ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਜਾਪਦਾ ਹੈ ਇਹ ਸਾਰੇ ਨਾਮ ਨਿਰਬਲ ਭਾਰਤੀਆਂ ਅੰਦਰ ਬਲ ਭਰਨ ਲਈ ਵਰਤੇ ਗਏ ਹਨ।

ਸਮੁੱਚੇ ਤੌਰ ਤੇ ਵੇਖਿਆਂ ਤੇ ਵਿਚਾਰਿਆਂ, ਗੁਰੂ ਸਾਹਿਬ ਦੀ ਇਹ ਬਾਣੀ ਬੜੀ ਮਹੱਤਵ ਪੂਰਨ ਰਚਨਾ ਹੈ। ਅਸਲ ਵਿਚ ਜਪੁਜੀ ਸਾਹਿਬ ਦੇ "ਮੂਲ ਮੰਤ੍ਰ" ਦੀ ਵਿਆਖਿਆ ਕਰਦੀ ਹੈ ਇਹ ਬਾਣੀ "ਅਕਾਲ ਉਸਤਤਿ"। ਜਿਸ ਅਕਾਲ ਪੁਰਖ ਦਾ ਨਿਰਗੁਣ ਸਰੂਪ ਗੁਰੂ ਨਾਨਕ ਸਾਹਿਬ ਨੇ "ਮੂਲ ਮੰਤ੍ਰ" ਵਿਚ ਦਿਖਾਇਆ ਹੈ, ਉਸੇ ਦੇ ਦਰਸ਼ਨ ਗੁਰੂ ਗੋਬਿੰਦ ਸਿੰਘ ਜੀ ਨੇ "ਅਕਾਲ ਉਸਤਤਿ" ਵਿਚ ਕਰਾਏ ਹਨ।



www.AKJ.Org

# ਦਸਮੇਸ਼ ਜੀ ਦੀ ਰਚਨਾ--ਅਕਾਲ ਉਸਤਤਿ

## ਮੂਲ ਮੰਤ੍ਰ ਦੀ ਵਿਆਖਿਆ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬੜੀ ਮਹਾਨ ਹੈ। ਆਪ ਰਾਜ-ਯੋਗੀ ਸਨ । ਆਪ ਦਾ ਆਚਰਨ ਲਾਸਾਨੀ ਸੀ। ਉਹ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਸੁਤੰਤਰਤਾ-ਪ੍ਰੇਮੀ ਸਨ । ਜਿਥੇ ਆਪ ਮਹਾਨ ਕੌਮੀ-ਉਸਰਈਏ ਤੇ ਨੀਤੀਵਾਨ ਸਨ ਉਥੇ ਸੂਰਬੀਰ ਜਰਨੈਲ ਤੇ ਅਤਿ ਉਚੇ ਦਰਜੇ ਦੇ ਸਾਹਿਤਕਾਰ ਵੀ ਸਨ।

ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਰਚਨਾ 'ਦਸਮ ਗ੍ਰੰਥ' ਵਿਚ ਦਰਜ਼ ਹੈ। ਦਸਮ ਗ੍ਰੰਥ ਦੀ ਕੁਲ ਰਚਨਾ ਵਿਚ ਸਤਾਰਾਂ ਹਜ਼ਾਰ ਤਿੰਨ ਸੌ ਸਤੱਤਰ (17377) ਤੁਕਾਂ ਉਪਲਬਧ ਹਨ, ਜੋ 1428 ਪੰਨਿਆਂ ਵਾਲੇ 'ਦਸਮ ਗ੍ਰੰਥ' ਵਿਚ ਦਰਜ ਹਨ। ਦਸਮ ਸਤਿਗੁਰੂ ਜੀ ਦੀ ਰਚਨਾ ਹਿੰਦੀ, ਪੰਜਾਬੀ, ਸੰਸਕ੍ਰਿਤ ਤੇ ਫ਼ਾਰਸੀ ਵਿਚ ਮਿਲਦੀ ਹੈ।

ਦਸਮ ਗ੍ਰੰਥ ਵਿਚਲੀਆਂ ਬਾਣੀਆਂ ਬਾਰੇ ਵਿਦਵਾਨਾਂ ਵਿਚ ਮਤਭੇਦ ਹੈ। ਡਾਕਟਰ ਡੀ.ਪੀ. ਅਸ਼ਟਾ, ਡਾ: ਤ੍ਰਿਲੋਚਨ ਸਿੰਘ, ਡਾ: ਮੋਹਨ ਸਿੰਘ ਤੇ ਡਾ: ਹਰਿਭਜਨ ਸਿੰਘ ਦੀ ਨਿਜ ਸੋਚਣੀ ਅਨੁਸਾਰ ਦਸਮ ਗ੍ਰੰਥ ਵਿਚ ਦਰਜ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਦੀਆਂ ਹਨ, ਪਰ ਮੈਕਾਲਿਫ਼, ਕਨਿੰਘਮ, ਨਾਰੰਗ, ਬੈਨਰਜੀ ਤੇ ਡਾ: ਜੱਗੀ ਅਨੁਸਾਰ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਕ੍ਰਿਤ ਨਹੀਂ ਹਨ । ਜਿਹੜੇ ਵਿਦਵਾਨ ਇਸ ਧਾਰਾ ਦੇ ਹਨ ਕਿ ਸਾਰੀਆਂ ਰਚਨਾਵਾਂ ਗੁਰੂ ਸਾਹਿਬ ਕ੍ਰਿਤ ਨਹੀਂ, ਉਨ੍ਹਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਦਾ ਸਮੁੱਚਾ ਜੀਵਨ ਬੜਾ ਸੰਘਰਸ਼-ਮਈ ਸੀ ਤੇ ਉਨ੍ਹਾਂ ਪਾਸ ਇਤਨੀ ਮਾਤਰਾ ਵਿਚ ਸਾਹਿਤ-ਰਚਨਾ ਕਰਨ ਲਈ ਵਿਹਲ ਨਹੀਂ ਸੀ। ਦੂਸਰਾ ਕਾਰਨ ਹੈ ਕਿ 'ਆਦਿ ਗ੍ਰੰਥ' ਵਿਚਲੀਆਂ ਗੁਰੂ-ਬਾਣੀਆਂ ਦੇ ਅੰਤ ਤੇ 'ਨਾਨਕ' ਪਦ ਵਾਂਗ ਦਸਮ ਗ੍ਰੰਥ ਵਿਚ ਗੁਰੂ ਸਾਹਿਬ ਨੇ ਆਮ ਕਰਕੇ ਆਪਣਾ ਨਾਂ ਨਹੀਂ ਵਰਤਿਆ, ਜਿਸ ਕਰਕੇ ਉਨ੍ਹਾਂ ਦੀ ਰਚਨਾ ਨੂੰ ਉਨ੍ਹਾਂ ਦੇ ਦਰਬਾਰੀ ਕਵੀਆਂ ਨਾਲੋਂ ਨਿਖੇੜਨਾ ਬੜਾ ਮੁਸ਼ਕਲ ਹੈ।

ਜਾਪੁ ਸਾਹਿਬ, ਅਕਾਲ ਉਸਤਤਿ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਚੌਪਈ, ਬਚਿੱਤਰ- ਨਾਟਕ ਅਤੇ ਜ਼ਫਰਨਾਮਾ ਬਾਣੀਆਂ ਬਾਰੇ ਸਭ ਵਿਦਵਾਨ ਇਕ ਰਾਇ ਦੇ ਹਨ ਕਿ ਇਹ ਬਾਣੀਆਂ ਨਿਸਚੇ ਹੀ ਗੁਰੂ ਸਾਹਿਬ ਦੀ ਆਪਣੀ ਕਲਮ ਤੋਂ ਹਨ।

ਸਿੱਖ-ਰਵਾਇਤਾਂ ਅਨੁਸਾਰ 'ਦਸਮ ਗ੍ਰੰਥ' ਨੂੰ ਭਾਈ ਮਨੀ ਸਿੰਘ ਜੀ ਨੇ ਸੰਕਲਿਤ ਕੀਤਾ । ਉਨ੍ਹਾਂ ਨੇ ਆਪਣੇ ਹੋਰ ਸਹਿਯੋਗੀਆਂ ਸਮੇਤ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਨੌਂ ਸਾਲਾਂ ਦਾ ਸਮਾਂ ਲਾਇਆ। ਉਨ੍ਹਾਂ ਨੂੰ ਬਹੁਤ ਸਾਰੀਆਂ ਰਚਨਾਵਾਂ ਤਾਂ ਵਾਸਤਵਿਕ ਰੂਪ ਵਿਚ ਜਾਂ ਨਕਲ ਕੀਤੀਆਂ ਹੋਈਆਂ ਹੀ ਪ੍ਰਾਪਤ ਹੋ ਗਈਆਂ। ਅਜਿਹੀਆਂ ਲਿਖਤਾਂ ਵਿਚ ਜਿਥੇ ਕਿਧਰੇ ਉਨ੍ਹਾਂ ਨੂੰ ਨਕਲ ਕਰਦਿਆਂ ਕੋਈ ਗ਼ਲਤੀ ਹੋ ਗਈ ਭਾਸੀ, ਉਸ ਦੀ ਉਨ੍ਹਾਂ ਨੇ ਸੋਧ ਸੁਧਾਈ ਕਰ ਲਈ। ਅੱਜ ਕਲ੍ਹ ਦਸਮ ਗ੍ਰੰਥ ਦੇ ਤਿੰਨ ਪ੍ਰਮਾਣੀਕ ਸੰਕਲਪ ਉਪਲਬਧ ਹਨ—

੧. ਦਸਮ ਗ੍ਰੰਥ ਦੀ ਉਹ ਬੀੜ, ਜਿਸ ਵਿਚ ਦਰਜ ਰਚਨਾਵਾਂ ਦਾ ਉਤਾਰਾ ਭਾਈ ਮਨੀ ਸਿੰਘ ਜੀ ਨੇ ਆਪ ਕੀਤਾ ਜਾਂ ਕਰਾਇਆ। ਇਹ ਬੀੜ ਇਸ ਸਮੇਂ ਦਿੱਲੀ ਨਿਵਾਸੀ ਸ: ਗੁਲਾਬ ਸਿੰਘ ਸੇਠੀ ਦੇ ਪਰਿਵਾਰ ਪਾਸ ਹੈ।

੨. ਸੰਗਰੂਰ ਸ਼ਹਿਰ ਦੇ ਡਿਉਢੀ ਸਾਹਿਬ ਗੁਰਦੁਆਰੇ ਵਿਚ ਪ੍ਰਸਤੁਤ 'ਦਸਮ ਗ੍ਰੰਥ' ਦੀ ਬੀੜ।

੩. ਪਟਨਾ ਸਾਹਿਬ ਦੇ ਤੋਸ਼ਾਖਾਨਾ ਵਿਚ ਪ੍ਰਸਤੁਤ ਦਸਮ ਗ੍ਰੰਥ ਦੀ ਬੀੜ।

'ਦਸਮ ਗ੍ਰੰਥ' ਵਿਚ ਦਰਜ ਰਚਨਾਵਾਂ ਦੀ ਰਚਨ-ਮਿਤੀ ਅੱਡ ਅੱਡ ਹੈ। 'ਜ਼ਫਰਨਾਮੇ' ਤੋਂ ਛੁਟ ਇਸ ਗ੍ਰੰਥ



www.AKJ.Org

ਦੀਆਂ ਸਾਰੀਆਂ ਰਚਨਾਵਾਂ ਖਾਲਸਾ ਸਾਜਣ ਤੋਂ ਪਹਿਲਾਂ ਰਚੀਆਂ ਜਾ ਚੁਕੀਆਂ ਸਨ। ਬਹੁਤ ਸਾਰੀਆਂ ਬਾਣੀਆਂ ਅਨੰਦਪੁਰ ਸਾਹਿਬ ਵਿਚ ਰੱਚੀਆਂ ਗਈਆਂ। ਕੁਝ ਬਾਣੀਆਂ ਪਾਉਂਟਾ ਸਾਹਿਬ ਵਿਚ ਰਚੀਆਂ ਗਈਆਂ। ਕੇਵਲ ਜ਼ਫਰਨਾਮਾ ਦਾ ਰਚਨ-ਸਥਾਨ ਦੀਨਾ ਕਾਂਗੜ ਸੀ।

'ਅਕਾਲ ਉਸਤਤਿ' ਗੁਰੂ ਗੋਬਿੰਦ ਸਿੰਘ ਜੀ ਦੀ ਉਹ ਪ੍ਰਸਿੱਧ ਬਾਣੀ ਹੈ ਜਿਸ ਵਿਚ ਉਨ੍ਹਾਂ ਨੇ ਜਪੁਜੀ ਸਾਹਿਬ ਦੇ ਮੂਲ ਤੱਤਾਂ, ਭਾਵ, ਮੂਲ ਮੰਤ੍ਰ ਦੀ ਵਿਸਥਾਰ ਪੂਰਬਕ ਵਿਆਖਿਆ ਕੀਤੀ ਹੈ। ਇਸ ਬਾਣੀ ਵਿਚ ਅਕਾਲ ਪੁਰਖ ਦੀ ਉਸਤਤਿ ਹੈ, ਉਸ ਅਕਾਲ ਪੁਰਖ ਦੀ, ਜੋ ਕਾਲ ਰਹਿਤ ਹੈ, ਅਲੇਖ, ਅਗੰਮ ਤੇ ਨਿਰਾਲਾ ਹੈ। ਵੈਸੇ ਤਾਂ ਅਕਾਲ ਪੁਰਖ ਦੀ ਉਸਤਤਿ ਪੂਰਨ ਰੂਪ ਵਿਚ ਕੋਈ ਕਰ ਹੀ ਨਹੀਂ ਸਕਦਾ, ਪਰ ਕ੍ਰਿਤੱਗਯਤਾ ਮਨ ਵਿਚ ਵਸਾ ਕੇ, ਜੋ ਮਹਿਮਾ ਸ੍ਰੀ ਕਲਗੀਧਰ ਜੀ ਨੇ ਅਕਾਲ ਪੁਰਖ ਦੀ ਕੀਤੀ ਹੈ, ਉਹ ਲਾਸਾਨੀ ਹੈ।

ਕਬੀਰ ਜੀ ਦਾ ਕਥਨ ਹੈ :

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ ॥੮੧॥ (ਪੰਨਾ ੧੩੬੮)

ਭਾਵ ਹੈ ਕਿ ਸੱਤਾਂ ਸਮੁੰਦਰਾਂ ਦੀ ਸਿਆਹੀ, ਸਮੁਚੀ ਬਨਸਪਤੀ ਦੀ ਕਲਮ ਤੇ ਸਾਰੀ ਧਰਤੀ ਦਾ ਕਾਗਜ਼ ਵੀ ਜੇ ਬਣਾ ਲਈਏ ਤਾਂ ਵੀ ਹਰੀ ਦਾ ਜਸ ਵਰਨਣ ਨਹੀਂ ਕੀਤਾ ਜਾ ਸਕਦਾ। ਫਿਰ ਵੀ ਦਸਮੇਸ਼ ਜੀ ਨੇ ਅਕਾਲ ਪੁਰਖ ਦੀ ਉਸਤਤਿ ਆਪਣੀ ਕਲਮ ਨਾਲ ਕੀਤੀ ਹੈ, ਕਿਉਂਕਿ ਉਹ ਆਪ ਉਸ ਨਾਲ ਓਤ-ਪੋਤ ਸਨ ਤੇ ਉਸੇ ਦੀ ਕਿਰਪਾ ਸਦਕਾ ਹੀ ਉਹ ਇਉਂ ਕਰ ਸਕੇ। ਮਨੁਖੀ ਗਿਆਨ ਕੇਵਲ ਲੌਕਿਕ ਗਿਆਨ ਹੈ, ਇਸੇ ਲਈ ਮਨੁਖ ਵਾਸਤੇ ਅਲੌਕਿਕ ਤੇ ਅਕਾਲ ਦੀ ਉਸਤਤਿ ਕਰਨੀ ਅਤਿ ਕਠਿਨ ਹੀ ਨਹੀਂ, ਸਗੋਂ ਅਸੰਭਵ ਵੀ ਹੈ। ਪਰ ਗੁਰੂ ਗੋਬਿੰਦ ਸਿੰਘ ਜੀ ਦੇ 'ਅਕਾਲ ਵਾਚ' ਅਨੁਸਾਰ 'ਮੈ ਅਪਨਾ ਸੁਤ ਤੋਹਿ ਨਿਵਾਜਾ'* ਦਾ ਦਰਜਾ ਪ੍ਰਾਪਤ ਕਰ ਚੁਕੇ ਸਤਿਗੁਰੂ ਨੇ ਵੀ ਉਸ ਅਕਾਲ ਪੁਰਖ ਨੂੰ 'ਆਦਿ ਪੁਰਖ ਅਬਿਗਤ ਅਬਿਨਾਸੀ ॥੧॥' ਕਿਹਾ ਹੈ।

ਗੁਰੂ ਸਾਹਿਬ ਰਚਿਤ ਸਮੁਚੇ ਸਾਹਿਤ ਵਿਚ ਇਕ ਅਕਾਲ-ਪੁਰਖ ਤੇ ਪੂਰਨ ਵਿਸ਼ਵਾਸ ਤੇ ਵਹਿਮਾਂ-ਭਰਮਾਂ ਵਿਰੁੱਧ ਭਰਪੂਰ ਆਵਾਜ਼ ਹੈ। ਜਿਥੇ ਗੁਰੂ ਸਾਹਿਬ ਦੀ ਰਚਨਾ ਦਾ ਅਧਿਆਤਮਕ ਪੱਖ ਬੜਾ ਬਲਵਾਨ ਹੈ, ਉਥੇ ਉਹ ਚੜ੍ਹਦੀ ਕਲਾ ਵਾਲੀ ਤੇ ਆਸ਼ਾਵਾਦੀ ਵੀ ਹੈ। ਇਸ ਰਚਨਾ ਦੀ ਸਾਹਿਤਕ ਮਹਾਨਤਾ ਵੀ ਬੜੀ ਵਿਸ਼ੇਸ਼ ਹੈ। ਵਿਦਵਾਨਾਂ ਦਾ ਵਿਚਾਰ ਹੈ ਕਿ ਖਾਲਸਾ ਸਾਜਣ ਤੋਂ ਪਹਿਲਾਂ ਗੁਰੂ ਸਾਹਿਬ 'ਅਕਾਲ ਉਸਤਤਿ' ਦੀ ਰਚਨਾ ਕਰ ਚੁੱਕੇ ਸਨ। ਕਵਿਤਾ ਦੀ ਦ੍ਰਿਸ਼ਟੀ ਤੋਂ ਪਰਖਿਆਂ ਇਹ ਇਕ ਅਤਿ ਉਤਮ ਰਚਨਾ ਹੈ। ਗੁਰੂ ਸਾਹਿਬ ਦੀ ਰਚਨਾ ਵਿਚ ਉਹ ਸਭ ਗੁਣ ਮੌਜੂਦ ਹਨ ਜਿਹੜੇ ਕਿਸੇ ਰਚਨਾ ਨੂੰ ਮਹਾਨ ਬਣਾਂਦੇ ਹਨ। ਉਨ੍ਹਾਂ ਦੀ ਰਚਨਾ ਅਲੰਕਾਰਾਂ ਨਾਲ ਸੁਸੱਜਿਤ, ਮਿੱਠੀ ਧੁਨੀ ਵਾਲੇ ਵਿਚਾਰਾਂ ਤੇ ਸ਼ਬਦ-ਚਿਤਰਾਂ ਨਾਲ ਭਰਪੂਰ ਹੈ। ਗੁਰੂ ਸਾਹਿਬ ਨੇ ਜੋ ਛੰਦ ਵਰਤੇ ਹਨ, ਉਹ ਵਿਧੀ ਅਨੁਸਾਰ ਤੇ ਵਿਚਾਰਾਂ ਅਨੁਕੂਲ ਹਨ। ਉਨ੍ਹਾਂ ਨੇ ਛੋਟੇ ਵੱਡੇ ਹਰ ਪ੍ਰਕਾਰ ਦੇ ਛੰਦਾਂ ਦਾ ਪ੍ਰਯੋਗ ਕੀਤਾ ਹੈ ਤੇ ਛੰਦਾਂ ਦੀ ਚੋਣ ਕਰਨ ਲਗਿਆਂ ਇਸ ਗੱਲ ਦਾ ਵਿਸ਼ੇਸ਼ ਖ਼ਿਆਲ ਰਖਿਆ ਹੈ ਕਿ ਛੰਦ ਕਵਿਤਾ ਦੇ ਪ੍ਰਭਾਵ ਨੂੰ ਘਟਾਵੇ ਨਾ, ਸਗੋਂ ਵਧਾਵੇ। 'ਅਕਾਲ ਉਸਤਤਿ' ਦੀ ਬੋਲੀ ਉਸ ਸਮੇਂ ਦੀ ਲੋਕ-ਭਾਸ਼ਾ ਹੈ, ਜਿਸ ਸਮੇਂ ਇਹ ਰਚੀ ਗਈ ਸੀ। ਇਸ ਬਾਣੀ ਵਿਚ ੨੭੧ ਛੰਦ ਹਨ ਤੇ ਅੰਤ ਵਿਚ ਇਕ ਸਲੋਕ 'ਸਾਤੋ ਅਕਾਸ ਸਾਤੋ ਪਤਾਰ। ਬਥਰੀਓ ਅਦਿਸ਼ਟ ਜਿਹ ਕਰਮ ਜਾਰਿ' ਹੈ।

ਇਸ ਸਾਰੀ ਬਾਣੀ ਵਿਚ ਛੰਦਾਂ ਦਾ ਵੇਰਵਾ ਇਸ ਪ੍ਰਕਾਰ ਹੈ :–

ਕਬਿੱਤ ੪੪, ਚੌਪਈ ੧੦, ਸਵੱਈਏ ੨੦, ਪਾਧੜੀ ਛੰਦ ੩੭, ਤੋਮਰ ਛੰਦ ੨੦, ਭੁਜੰਗ ਪ੍ਰਯਾਤ ਛੰਦ ੩੦, ਨਰਾਜ ਛੰਦ ੨੦, ਲਘੂ ਨਿਰਾਜ ਛੰਦ (ਦੁਤੁਕੇ) ੨੦, ਰੂਆਲ ਛੰਦ ੨੦, ਦੀਰਘ ਤ੍ਰਿਭੰਗੀ ਛੰਦ ੨੦ ਤੇ ਦੋਹਰੇ ੧੦।

ਗੁਰੂ ਸਾਹਿਬ ਦਾ ਸ਼ਬਦਾਂ ਉਤੇ ਕਮਾਲ ਦਾ ਵਸੀਕਾਰ ਹੈ। ਉਹਨਾਂ ਦਾ ਸ਼ਬਦ-ਭੰਡਾਰ ਅਮੁਕ ਹੈ।

---

*ਬਚਿਤ੍ਰ ਨਾਟਕ ਪਾ: ੧੦, ਅੰਕ ੨੯, ਅਧਿਆਇ ੬



www.AKJ.Org

ਉਹਨਾਂ ਨੂੰ ਬਹੁਤ ਸਾਰੀਆਂ ਬੋਲੀਆਂ ਵਿਚ ਪ੍ਰਬੀਨਤਾ ਪ੍ਰਾਪਤ ਸੀ, ਇਸ ਲਈ ਉਹਨਾਂ ਨੂੰ ਮੌਕੇ ਤੇ ਸ਼ਬਦ ਢੂੰਡਣ ਦੀ ਘਾਟ ਮਹਿਸੂਸ ਨਹੀਂ ਸੀ ਹੁੰਦੀ। ਉਹ ਫ਼ਾਰਸੀ, ਅਰਬੀ ਤੇ ਸੰਸਕ੍ਰਿਤ ਦੇ ਸ਼ਬਦ ਨਿਝਕ ਹੋ ਕੇ ਵਰਤਦੇ ਸਨ। ਉਹਨਾਂ ਦੀ ਰਚਨਾ ਦੀ ਸ਼ੈਲੀ ਐਸੀ ਹੈ ਕਿ ਮੁਰਦਾ ਦਿਲਾਂ ਵਿਚ ਨਵੀਂ ਰੂਹ ਫੂਕਦੀ ਜਾਂਦੀ ਹੈ। ਉਹਨਾਂ ਦੀ ਰਚਨਾ ਵਿਚ ਸ਼ਬਦਾਂ ਦਾ ਜਾਦੂ ਹੈ। ਕੁਝ ਕੁ ਸ਼ਬਦਾਂ ਨਾਲ ਹੀ ਇਕ ਐਸਾ ਚਿਤਰ ਖਿੱਚ ਦੇਂਦੇ ਹਨ ਕਿ ਹੂ-ਬ-ਹੂ ਤਸਵੀਰ ਸਾਹਮਣੇ ਆ ਜਾਂਦੀ ਹੈ। ਉਹਨਾਂ ਦੀ ਕਾਵਿ-ਰੂਪ ਬਾਣੀ ਵਿਚ ਸੰਗੀਤ ਦਾ ਖ਼ਾਸ ਸਥਾਨ ਹੈ। ਜਦੋਂ ਉਹ ਰੁਮਾਂਚਿਕ ਵਰਨਣ ਕਰਦੇ ਹਨ ਤਾਂ ਸ਼ਬਦਾਂ ਦੀ ਆਵਾਜ਼ ਇਸ ਤਰ੍ਹਾਂ ਆਉਂਦੀ ਹੈ, ਜਿਵੇਂ ਨਿੰਮੀਆਂ ਨਿੰਮੀਆਂ ਘੰਟੀਆਂ ਵੱਜ ਰਹੀਆਂ ਹੋਣ ਤੇ ਜਦੋਂ ਉਹ ਰਣਭੂਮੀ ਦਾ ਨਕਸ਼ਾ ਖਿੱਚਦੇ ਹਨ ਤਾਂ ਨਗਾਰਿਆਂ ਦੇ ਵੱਜਣ ਦੀ ਆਵਾਜ਼ ਪੈਦਾ ਹੁੰਦੀ ਹੈ। ਉਹਨਾਂ ਦੀ ਲਿਖਤ ਵਿਚ ਅਨਪ੍ਰਾਸ ਅਲੰਕਾਰ ਦੀ ਵਰਤੋਂ ਵੇਖਣ ਵਾਲੀ ਹੈ—

ਬਿਸੰਭਰ ਬਿਸੁਨਾਥ ਹੈਂ ਬਿਸੇਖ ਬਿਸ੍ਵ ਭਰਨ ਹੈਂ ॥ ਜਿਮੀ ਜਮਾਨ ਕੈ ਬਿਖੈ ਸਦੀਵ ਕਰਨ ਭਰਨ ਹੈਂ ॥
ਅਦ੍ਵੈਖ ਹੈਂ ਅਭੇਖ ਹੈਂ ਅਲੇਖ ਨਾਥ ਜਾਨੀਐ ॥ ਸਦੀਵ ਸਰਬ ਠਉਰ ਮੈ ਬਿਸੇਖ ਆਨ ਮਾਨੀਐ ॥
੪॥੧੬੪॥ (ਅਕਾਲ ਉਸਤਤਿ)

ਵ੍ਰਿਤੀ ਅਨੁਪ੍ਰਾਸ ਦੀ ਇਕ ਝਲਕ—

ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ, ਕਹੂੰ ਦਾਨਵਾਨ ਕੋ ਗੁਮਾਨ ਮਤਿ ਦੇਤ ਹੋ ॥੩॥੧੩॥
(ਅਕਾਲ ਉਸਤਤਿ)

ਅਕਾਲ ਪੁਰਖ ਦੇ ਸਰੂਪ ਦਾ ਵਰਨਣ ਕਰਦੇ ਹੋਏ ਲਿਖਦੇ ਹਨ ਕਿ ਉਹ ਵਰਨਾਂ ਚਿਹਨਾਂ ਤੋਂ ਨਿਆਰਾ ਤੇ ਜਲਥਲ ਸਭ ਥਾਵਾਂ ਵਿਚ ਰਮਿਆ ਹੋਇਆ ਹੈ—

ਅਲਖ ਰੂਪ ਅਛੈ ਅਨਭੇਖਾ ॥ ਰਾਗ ਰੰਗ ਜਿਹ ਰੂਪ ਨ ਰੇਖਾ ॥
ਬਰਨ ਚਿਹਨ ਸਭਹੂੰ ਤੇ ਨਿਆਰਾ ॥ ਆਦਿ ਪੁਰਖ ਅਦ੍ਵੈ ਅਬਿਕਾਰਾ ॥੩॥
ਬਰਨ ਚਿਹਨ ਜਿਹ ਜਾਤ ਨਾ ਪਾਤਾ ॥ ਸੱਤ੍ਰ ਮਿੱਤ੍ਰ ਜਿਹ ਤਾਤ ਨਾ ਮਾਤਾ ॥
ਸਭ ਤੇ ਦੂਰਿ ਸਭਨ ਤੇ ਨੇਰਾ ॥ ਜਲ ਥਲ ਮਹੀਅਲ ਜਾਹਿ ਬਸੇਰਾ ॥੪॥ (ਅਕਾਲ ਉਸਤਤਿ)

ਦਸਮ ਪਾਤਸ਼ਾਹ ਅਕਾਲ ਪੁਰਖ ਨੂੰ ਆਪਣੇ ਅੰਗ ਸੰਗ ਵੇਖਦੇ ਹੋਏ, ਉਸ ਨਾਲ ਗੱਲਾਂ ਕਰਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਆਪ ਅਕਾਲ ਪੁਰਖ ਦੀ ਹਸਤੀ ਨਾਲ ਇੱਕ-ਮਿੱਕ ਹੋਏ ਹੋਣ। ਤ੍ਵਪ੍ਰਸਾਦਿ ਕਬਿਤ ਵਿਚ ਫੁਰਮਾਂਦੇ ਹਨ—

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ, ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ ॥
ਪ੍ਰਾਨ ਕੇ ਬਚਯਾ ਦੂਧ ਪੂਤ ਕੇ ਦਿਵਯਾ, ਰੋਗ ਸੋਗ ਕੇ ਮਿਟਯਾ ਕਿਧੌ ਮਾਨੀ ਮਹਾ ਮਾਨ ਹੋ ॥
ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ, ਕਿ ਸਿਧਤਾ ਕੀ ਸੂਰਤਿ ਹੋ ਕਿ ਸੁਧਤਾ ਕੀ ਸਾਨ ਹੋ ॥
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ,ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ ॥੯॥੧੯॥
(ਅਕਾਲ ਉਸਤਤਿ)

ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਕਿਰਪਾ ਉਤੇ ਅਪਾਰ ਭਰੋਸਾ ਹੈ। ਉਹ ਕਹਿੰਦੇ ਹਨ ਕਿ ਅਕਾਲ ਪੁਰਖ ਆਪਣੀ ਕਿਰਪਾ ਦੁਆਰਾ ਮਨੁਖ ਨੂੰ ਰੋਗਾਂ ਸੋਗਾਂ ਅਥਵਾ ਸ਼ਤਰੂ ਦੇ ਅਨੇਕਾਂ ਹੱਲਿਆਂ ਤੋਂ ਆਪਣਾ ਹੱਥ ਦੇ ਕੇ ਰਖ ਲੈਂਦਾ ਹੈ। ਤ੍ਵਪ੍ਰਸਾਦਿ ਸਵੱਯੇ ਵਿਚ ਫੁਰਮਾਇਆ ਹੈ :—

ਰੋਗਨ ਤੇ ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥
ਸੱਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨ ਲਾਗਨ ਪਾਵੈ ॥
ਰਾਖਤ ਹੈ ਅਪਨੋ ਕਰ ਦੈ ਕਰਿ, ਪਾਪ ਸੰਬੂਹ ਨ ਭੇਟਨ ਪਾਵੈ ॥
ਔਰ ਕੀ ਬਾਤ ਕਹਾ ਕਹ ਤੋ ਸੋਂ, ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥੬॥੨੪੮॥ (ਅਕਾਲ ਉਸਤਤਿ(


www.AKJ.Org

ਗੁਰੂ ਸਾਹਿਬ ਦੀ ਵਿਚਾਰ ਵਿਚ ਸਿਵਾਏ ਅਕਾਲ ਪੁਰਖ ਦੀ ਓਟ ਦੇ ਹੋਰ ਕੋਈ ਆਸਰਾ ਰਖਣਾ ਅਥਵਾ ਫੋਕਟ ਕਰਮ ਕਰਨੇ ਵਿਅਰਥ ਹਨ। ਫੁਰਮਾਨ ਹੈ—

ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥੨੦॥੫੦॥ (ਅਕਾਲ ਉਸਤਤਿ)

ਉਹਨਾਂ ਦਾ ਵਿਚਾਰ ਹੈ ਕਿ ਕੇਵਲ ਤੀਰਥ ਇਸ਼ਨਾਨ ਕਰਨ, ਦਾਨ-ਪੁੰਨ ਕਰਨ, ਵਰਤ ਰਖਣ ਅਥਵਾ ਹੋਰ ਆਸਣ ਆਦਿ ਕਰਨ ਨਾਲ ਕਲਿਆਣ ਨਹੀਂ ਹੁੰਦੀ ਤੇ ਨਾ ਹੀ ਬੰਧਨਾਂ ਤੋਂ ਛੁਟਕਾਰਾ ਮਿਲਦਾ ਹੈ। ਦੀਨ ਦਿਆਲ ਅਕਾਲ ਪੁਰਖ ਨੂੰ ਭਜੇ ਬਿਨਾ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ—

ਤੀਰਥ ਕੋਟਿ ਕੀਏ ਇਸਨਾਨ, ਦੀਏ ਬਹੁ ਦਾਨ, ਮਹਾ ਬ੍ਰਤ ਧਾਰੇ ॥
ਦੇਸ ਫਿਰਿਓ ਕਰਿ ਭੇਸ ਤਪੋਧਨ, ਕੇਸ ਧਰੇ ਨ ਮਿਲੇ ਹਰਿ ਪਿਆਰੇ ॥
ਆਸਨ ਕੋਟਿ ਕਰੇ ਅਸਟਾਂਗ ਧਰੇ, ਬਹੁ ਨਿਆਸ ਕਰੇ ਮੁਖ ਕਾਰੇ ॥
ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥੧੦॥੨੫੨॥
(ਅਕਾਲ ਉਸਤਤਿ)

ਉਹਨਾਂ ਨੂੰ ਅਕਾਲ ਪੁਰਖ ਦੇ ਸਰਬ-ਵਿਆਪੀ ਹੋਣ ਦਾ ਇਤਨਾ ਵਿਸ਼ਵਾਸ ਹੈ ਕਿ ਜਲ ਥਲ, ਨਦੀਆਂ, ਬ੍ਰਿਛਾਂ, ਪੱਤਿਆਂ ਸਭ ਵਿਚ ਉਸ ਨੂੰ ਰਮਿਆ ਹੋਇਆ ਵੇਖਦੇ ਹਨ। ਲਘੁ ਨਿਰਾਜ ਛੰਦ ਵਿਚ ਦੋ ਦੋ ਸ਼ਬਦਾਂ ਵਿਚ ਹੀ ਚਿਤਰ ਖਿਚੀ ਜਾਂਦੇ ਹਨ :—

"ਜਲਸ ਤੁਹੀਂ ॥ ਥਲਸ ਤੁਹੀਂ ॥ ਨਦਿਸ ਤੁਹੀਂ ॥ ਨਦਸ ਤੁਹੀਂ ॥੧੩॥੬੩॥
ਬ੍ਰਿਛਸ ਤੁਹੀਂ ॥ ਪਤਸ ਤੁਹੀਂ ॥ ਛਿਤਸ ਤੁਹੀਂ ॥ ਉਰਧਸ ਤੁਹੀਂ ॥੧੪॥੬੪॥ (ਅਕਾਲ ਉਸਤਤਿ)

ਗੁਰੂ ਸਾਹਿਬ ਸਮੁੱਚੀ ਮਨੁਖ ਜਾਤੀ ਨੂੰ ਇਕ-ਸਮਾਨ ਸਮਝਦੇ ਹਨ। ਉਹਨਾਂ ਦੀ ਨਜ਼ਰ ਵਿਚ ਜੋਗੀ, ਸੰਨਿਆਸੀ, ਹਿੰਦੂ, ਤੁਰਕ, ਰਾਫਜੀ, ਇਮਾਮਸਾਫੀ ਦਾ ਕੋਈ ਅੰਤਰ ਨਹੀਂ। ਉਹਨਾਂ ਦੀ ਦ੍ਰਿਸ਼ਟੀ ਵਿਚ ਦੇਹੁਰਾ ਮਸੀਤ, ਪੂਜਾ ਤੇ ਨਮਾਜ਼, ਅਲਾਹ ਤੇ ਅਭੇਖ ਸਭ ਬਰਾਬਰ ਹਨ। ਭਾਵਾਤਮਕ ਏਕਤਾ ਦੀ ਇਸ ਤੋਂ ਚੰਗੀ ਉਦਾਹਰਣ ਹੋਰ ਕਿਤੇ ਨਹੀਂ ਮਿਲੇਗੀ। ਉਹਨਾਂ ਦਾ ਕਥਨ ਹੈ :—

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਯੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਯੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ, ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਯੋ ॥
ਏਕ ਹੀ ਕੀ ਸੇਵ, ਸਬ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤ ਜਾਨਯੋ ॥੧੫॥੮੫॥
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ, ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

ਅਕਾਲ ਪੁਰਖ ਦੇ ਭਾਵਾਤਮਕ ਗੁਣ ਉਸਦੀ ਸਰਬ-ਉਤਮਤਾ ਨੂੰ ਦਰਸਾਉਂਦੇ ਹਨ। ਉਹ ਅਕਾਲ ਆਪ ਤਾਂ ਮ੍ਰਿਤੂ-ਰਹਿਤ ਹੈ, ਪਰ ਉਸ ਦੀ ਸਮੁੱਚੀ ਰਚਨਾ ਦਾ ਉਹ ਕਾਲ ਹੈ। ਇਸੇ ਲਈ ਬਾਣੀ ਦੇ ਆਰੰਭ ਵਿਚ ਉਸ ਦੀ ਰਖਿਆ ਦੀ ਜਾਚਨਾ ਕੀਤੀ ਗਈ ਹੈ :

"ਸਰਬ ਕਾਲ ਜੀ ਦੀ ਰਛਿਆ ਹਮਨੈ ॥" (ਅਕਾਲ ਉਸਤਤਿ)

ਇਸ ਬਾਣੀ ਵਿਚ ਅਕਾਲ ਪੁਰਖ ਨੂੰ ਪੁਰਸ਼ਵਾਦੀ ਸ਼ਬਦਾਂ ਨਾਲ ਯਾਦ ਕੀਤਾ ਗਿਆ ਹੈ। ਉਸ ਨੂੰ ਨਰ,

[ਬਾਕੀ ਵੇਖੋ ਸਫ਼ਾ ੧੫ ਹੇਠ]



www.AKJ.Org

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਿਆ ਅਤੇ ਦੁਸ਼ਮਣਾਂ ਨਾਲ ਲੜਦੇ ਭਿੜਦੇ ਰਾਤ ਦੇ ਸਮੇਂ ਸਰਸਾ ਨਦੀ ਨੂੰ ਪਾਰ ਕੀਤਾ ਤਾਂ ਰਾਤ ਦੇ ਹਨੇਰੇ ਅਤੇ ਲੜਾਈ ਦੇ ਘਮਸਾਣ ਵਿਚ ਗੁਰੂ ਜੀ ਦੀ ਬਿਰਧ ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ, ਗੁਰੂ ਜੀ ਅਤੇ ਹੋਰ ਸਿੱਖਾਂ ਤੋਂ ਨਿੱਖੜ ਗਏ। ਸਾਹਿਬ ਜ਼ੋਰਾਵਾਰ ਸਿੰਘ ਉਸ ਵੇਲੇ ਅਠ ਸਾਲ ਦੇ ਅਤੇ ਸਾਹਿਬ ਫਤਹ ਸਿੰਘ ਛੇ ਸਾਲ ਦੇ ਸਨ। ਇਨ੍ਹਾਂ ਦੇ ਨਾਲ ਤਦੋਂ ਗੰਗੂ ਬਾਹਮਣ ਸੀ, ਜੋ ਗੁਰੂ ਜੀ ਦਾ ਰਸੋਈਆ ਸੀ। ਗੰਗੂ ਦਾ ਪਿੰਡ ਸਹੇੜੀ ਇਥੋਂ ਨੇੜੇ ਸੀ, ਉਸ ਨੇ ਮਾਤਾ ਜੀ ਨੂੰ ਕਿਹਾ ਕਿ ਤੁਸੀਂ ਮੇਰੇ ਘਰ ਸਹੇੜੀ ਚਲੋ ਚਲੋ ਅਤੇ ਜਦੋਂ ਤਾਈਂ ਗੁਰੂ ਜੀ ਨਹੀਂ ਮਿਲ ਜਾਂਦੇ ਤੁਸੀਂ ਉਥੇ ਹੀ ਰਹੀ ਜਾਣਾ, ਮੈਂ ਹਰ ਤਰ੍ਹਾਂ ਤੁਹਾਡੀ ਸੇਵਾ ਕਰਾਂਗਾ। ਮਾਤਾ ਜੀ ਨੇ ਗੰਗੂ ਨੂੰ ਆਪਣਾ ਪੁਰਾਣਾ ਰਸੋਈਆ ਜਾਣ ਕੇ ਉਸ ਤੇ ਇਤਬਾਰ ਕੀਤਾ ਅਤੇ ਦੋਹਾਂ ਛੋਟੇ ਪੋਤਿਆਂ ਸਮੇਤ ਉਸ ਦੇ ਘਰ ਚਲੇ ਗਏ।

ਜਦੋਂ ਗੰਗੂ ਨੇ ਵੇਖਿਆ ਕਿ ਗੁਰੂ ਜੀ ਦੀ ਮਾਤਾ ਅਤੇ ਛੋਟੇ ਬੱਚੇ ਹੁਣ ਉਸ ਦੇ ਵਸ ਹਨ ਅਤੇ ਉਹ ਜੋ ਚਾਹੇ ਉਨ੍ਹਾਂ ਨਾਲ ਕਰ ਸਕਦਾ ਹੈ ਤਾਂ ਉਸ ਦੇ ਦਿਲ ਨੇ ਇਹ ਠਾਣ ਲਈ ਕਿ ਉਹ ਇਨ੍ਹਾਂ ਨੂੰ ਫੜਾ ਕੇ ਸਰਕਾਰ ਤੋਂ ਇਨਾਮ ਹਾਸਲ ਕਰੇ। ਉਸ ਦੇ ਪਿੰਡ ਦੇ ਲਾਗੇ ਹੀ ਪਠਾਣਾਂ ਦਾ ਪਿੰਡ ਮੁਰੰਡਾ ਸੀ। ਉਹ ਝਟ ਮੁਰੰਡੇ ਗਿਆ ਅਤੇ ਉਥੋਂ ਦੇ ਸਿਰਕਢ ਪਠਾਣਾਂ ਨੂੰ ਸਾਹਿਬਜ਼ਾਦਿਆਂ ਅਤੇ ਮਾਤਾ ਦੇ ਘਰ ਆਏ ਹੋਣ ਦੀ ਖ਼ਬਰ ਜਾ ਦਿਤੀ। ਪਠਾਣ ਬੜੇ ਖੁਸ਼ ਹੋਏ। ਉਨ੍ਹਾਂ ਨੇ ਗੰਗੂ ਦੇ ਘਰੋਂ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਸਰਹਿੰਦ ਲੈ ਜਾ ਕੇ ਉਨ੍ਹਾਂ ਨੂੰ ਸੂਬਾ ਵਜ਼ੀਰ ਖ਼ਾਨ ਦੇ ਪੇਸ਼ ਜਾ ਕੀਤਾ। ਸੂਬੇ ਨੇ ਉਨ੍ਹਾਂ ਨੂੰ ਠੰਢੇ ਬੁਰਜ ਅੰਦਰ ਬੰਦ ਕੀਤੇ ਜਾਣ ਦਾ ਹੁਕਮ ਦਿਤਾ ਅਤੇ ਉਨ੍ਹਾਂ ਪਰ ਸਖ਼ਤ ਪਹਿਰੇ ਲਗਾ ਦਿਤੇ। ਪੋਹ ਦੇ ਮਹੀਨੇ, ਜਦੋਂ ਵੈਸੇ ਹੀ ਸਰਦੀ ਦਾ ਜ਼ੋਰ ਹੁੰਦਾ ਹੈ, ਠੰਢੇ ਬੁਰਜ ਅੰਦਰ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਨੂੰ ਕੈਦ ਕਰ ਦੇਣਾ ਉਨ੍ਹਾਂ ਲਈ ਅਤਿ ਦੁਖਦਾਈ ਸੀ, ਪ੍ਰੰਤੂ ਜ਼ਾਲਮ ਸੂਬੇ ਨੂੰ ਅਜਿਹਾ ਕਰਨ ਤੋਂ ਕੌਣ ਰੋਕ ਸਕਦਾ ਸੀ?

ਵਜ਼ੀਰ ਖਾਨ ਸਮਝਦਾ ਸੀ ਕਿ ਸਾਹਿਬਜ਼ਾਦੇ ਕੈਦਖ਼ਾਨੇ ਦੀ ਸਖ਼ਤੀ ਅਤੇ ਉਸ ਦੇ ਭੈ ਤੋਂ ਘਬਰਾ ਕੇ ਆਪਣਾ ਧਰਮ ਹਾਰ ਦੇਣਗੇ ਅਤੇ ਜੇਕਰ ਉਨ੍ਹਾਂ ਨੇ ਕੇਸ ਕਟਵਾ ਕੇ ਮੁਸਲਮਾਨ ਬਣ ਜਾਣਾ ਮੰਨ ਲਿਆ ਤਾਂ ਦਿੱਲੀ ਦਰਬਾਰ ਵਿਚ ਉਸ ਦੀ ਬੜੀ ਇੱਜ਼ਤ ਹੋਵੇਗੀ ਅਤੇ ਉਨ੍ਹਾਂ ਦੇ ਵੇਖੋ ਵੇਖੀ ਫਿਰ ਹੋਰ ਲੋਕ ਭੀ ਮੁਸਲਮਾਨ ਹੋ ਜਾਣਗੇ। ਇਸ ਲਈ ਉਸ ਨੇ ਅਗਲੇ ਅਥਵਾ ੨੪ ਦਸੰਬਰ ਦੇ ਦਿਨ ਸਾਹਿਬਜ਼ਾਦਿਆਂ ਨੂੰ ਉਸ ਦੀ ਕਚਹਿਰੀ ਪੇਸ਼ ਕੀਤੇ ਜਾਣ ਦਾ ਹੁਕਮ ਦਿਤਾ।

ਜਦੋਂ ਕੋਤਵਾਲ ਨੇ ਮਾਤਾ ਜੀ ਤਾਈਂ ਸਾਹਿਬਜ਼ਾਦਿਆਂ ਨੂੰ ਸੂਬੇ ਦੇ ਪੇਸ਼ ਕਰਨ ਦਾ ਹੁਕਮ ਸੁਣਾਇਆ ਤਾਂ ਮਾਤਾ ਸਾਰੀ ਗੱਲ ਭਾਂਪ ਗਈ ਅਤੇ ਦੋਹਾਂ ਸਾਹਿਬਜ਼ਾਦਿਆਂ ਦੇ ਸਿਰ ਆਪਣੇ ਹਥੀਂ ਸੋਹਣੀਆਂ ਦਸਤਾਰਾਂ ਸਜਾ ਕੇ ਉਨ੍ਹਾਂ ਨੂੰ ਇਉਂ ਸਮਝਾਇਆ:

"ਬੱਚਿਓ! ਮੈਂ ਤੁਹਾਨੂੰ ਤਿਆਰ ਕਰ ਕੇ ਸੂਬੇ ਪਾਸ ਭੇਜਣ ਲਗੀ ਹਾਂ। ਪਤਾ ਨਹੀਂ ਉਹ ਤੁਹਾਡੇ ਨਾਲ ਕੀ ਸਲੂਕ ਕਰੇਗਾ। ਪਰ ਤੁਸਾਂ ਮੇਰੀ ਇਕ ਗੱਲ ਚੇਤੇ ਰਖਣੀ ਕਿ ਤੁਸੀਂ ਉਸ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹੋ ਜਿਨ੍ਹਾਂ ਨੇ ਦਿੱਲੀ ਦੇ ਚਾਂਦਨੀ ਚੌਕ ਅੰਦਰ ਆਪਣਾ ਸੀਸ ਤਾਂ ਕਟਵਾ ਲਿਆ ਸੀ ਪਰ ਜ਼ੁਲਮ ਅਗੇ ਝੁਕੇ ਨਹੀਂ ਸਨ ਅਤੇ ਨਾ ਜ਼ਾਲਮ ਦਾ ਡਰ ਦਿਲ ਵਿਚ ਰਖਿਆ ਸੀ। ਮੌਤ ਨੇ ਇਕ ਦਿਨ ਜ਼ਰੂਰ ਆਉਣਾ ਹੈ ਅਤੇ ਇਸ ਤੋਂ ਡਰਿਆਂ ਇਸ ਨੇ ਛਡਣਾ ਨਹੀਂ। ਇਸ ਲਈ ਮੌਤ ਦਾ ਡਰ ਦਿਲ ਵਿਚ ਕਦੀ ਵੀ ਨਹੀਂ ਲਿਆਉਣਾ ਅਤੇ ਜੇਕਰ ਸਿਰ ਦੇ ਪਿਆਰੇ ਕੇਸ ਅਤੇ ਧਰਮ ਰਖਣ ਲਈ ਗਰਦਨ ਕਟਾਉਣੀ ਪਵੇ ਤਾਂ ਬੇਸ਼ਕ ਕਟਾ ਦੇਣੀ, ਪਰ



www.AKJ.Org

ਧਰਮ ਨਹੀਂ ਹਾਰਨਾ ਅਤੇ ਨਾ ਜ਼ਾਲਮ ਅਗੇ ਸਿਰ ਝੁਕਾਉਣਾ। ਜ਼ਾਲਮ ਸੂਬਾ ਤੁਹਾਨੂੰ ਕਈ ਤਰ੍ਹਾਂ ਦੇ ਲਾਲਚ ਦੇਵੇਗਾ, ਤੁਸੀਂ ਉਨ੍ਹਾਂ ਵਿਚ ਫਸਣਾ ਨਹੀਂ। ਤੁਹਾਨੂੰ ਧਰਮ ਤੋਂ ਡੇਗਣ ਲਈ ਤਰ੍ਹਾਂ ਤਰ੍ਹਾਂ ਦੇ ਡਰ ਅਤੇ ਦੁਖ ਭੀ ਦੇਵੇਗਾ, ਤੁਸੀਂ ਡਰਨਾ ਜਾਂ ਘਬਰਾਉਣਾ ਨਹੀਂ। ਤੁਸੀਂ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਧਰਨਾ, ਉਹ ਤੁਹਾਨੂੰ ਮੁਸੀਬਤ ਵਿਚ ਡੋਲਣ ਨਹੀਂ ਦੇਣਗੇ ਅਤੇ ਫਿਰ ਦੁਖ ਤੁਹਾਨੂੰ ਪੋਹ ਨਹੀਂ ਸਕੇਗਾ। ਲੌ ਹੁਣ ਤੁਸੀਂ ਜਾਓ, ਮੇਰਾ ਤੇ ਤੁਹਾਡਾ ਸ਼ਾਇਦ ਇਹ ਅਖ਼ੀਰੀ ਮੇਲਾ ਹੈ, ਪਰ ਇਹ ਸਰੀਰ ਛੁਟ ਜਾਣ ਪਿਛੋਂ ਤੁਸੀਂ ਤੇ ਮੈਂ ਫਿਰ ਮਿਲਾਂਗੇ। ਉਸ ਸਮੇਂ ਤੁਹਾਡੇ ਦਾਦਾ ਗੁਰੂ ਤੇਗ ਬਹਾਦਰ ਜੀ ਭੀ ਆਪਣੇ ਪਾਸ ਹੋਣਗੇ ਅਤੇ ਉਸ ਤੋਂ ਮਗਰੋਂ ਫਿਰ ਆਪਾਂ ਕਦੀ ਵੀ ਨਹੀਂ ਵਿਛੜਾਂਗੇ।''

ਇਤਨਾ ਕਹਿ ਕੇ ਬਿਰਧ ਮਾਤਾ ਨੇ ਸਾਹਿਬਜ਼ਾਦਿਆਂ ਦੇ ਸਿਰ ਤੇ ਪਿਆਰ ਦਿਤਾ, ਮੂੰਹ ਚੁੰਮਿਆ, ਗਜ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਉਨ੍ਹਾਂ ਨੂੰ ਕੋਤਵਾਲ ਦੇ ਨਾਲ ਤੋਰ ਦਿਤਾ।

ਕੋਤਵਾਲ ਸਾਹਿਬਜ਼ਾਦਿਆਂ ਨੂੰ ਲੈ ਕੇ ਉਥੇ ਪੁਜਾ ਜਿਥੇ ਸਰਹਿੰਦ ਦਾ ਸੂਬਾ ਆਪਣੇ ਵਜ਼ੀਰਾਂ ਅਮੀਰਾਂ ਸਮੇਤ ਦਰਬਾਰ ਲਾਈ ਬੈਠਾ ਸੀ। ਉਸ ਦਾ ਖ਼ਿਆਲ ਸੀ ਕਿ ਇਹ ਛੇ ਅਤੇ ਅਠ ਸਾਲ ਦੇ ਅੰਞਾਣੇ ਬੱਚੇ ਮੇਰੇ ਦਰਬਾਰ ਦਾ ਠਾਠ ਵੇਖ ਕੇ ਘਬਰਾ ਜਾਣਗੇ ਅਤੇ ਮੈਂ ਜੋ ਕੁਝ ਇਹਨਾਂ ਨੂੰ ਕਹਾਂਗਾ, ਇਹ ਝਟ ਮੰਨ ਜਾਣਗੇ। ਪਰ ਜਦੋਂ ਸਾਹਿਬਜ਼ਾਦੇ ਸੂਬੇ ਦੇ ਸਾਹਮਣੇ ਆਏ ਤਾਂ ਇਨ੍ਹਾਂ ਬੜੀ ਨਿਡਰਤਾ ਨਾਲ ਸੂਬੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਇਕ-ਟਕ ਉਸ ਵੱਲ ਤਕਿਆ ਅਤੇ ਮੂੰਹ ਤੋਂ ਗਜ ਕੇ 'ਵਾਹਿਗੁਰੂ ਜੀ ਕੀ ਫਤਹ' ਬੁਲਾਈ। ਸੂਬਾ ਅਤੇ ਵਜ਼ੀਰ-ਅਮੀਰ ਬੱਚਿਆਂ ਦੀ ਇਹ ਦਲੇਰੀ ਵੇਖ, ਬੜੇ ਹੈਰਾਨ ਹੋਏ ਅਤੇ ਉਨ੍ਹਾਂ ਵਿਚੋਂ ਇਕ ਨੇ ਸਾਹਿਬਜ਼ਾਦਿਆਂ ਨੂੰ ਨਵਾਬ ਸਾਹਿਬ ਦੇ ਸਾਹਮਣੇ ਸਿਰ ਝੁਕਾ ਕੇ ਸਲਾਮ ਕਰਨ ਨੂੰ ਕਿਹਾ। ਸਾਹਿਬ ਜ਼ੋਰਾਵਰ ਸਿੰਘ ਨੇ ਉਚੀ ਆਵਾਜ਼ ਵਿਚ ਜਵਾਬ ਦਿਤਾ, ''ਅਸੀਂ ਆਪਣੇ ਗੁਰੂ ਪਿਤਾ ਜੀ ਤੋਂ ਬਿਨਾਂ ਕਿਸੇ ਦੇ ਸਾਹਮਣੇ ਸਿਰ ਝੁਕਾਉਣਾ ਨਹੀ ਸਿਖੇ ਅਤੇ ਨਾ ਕਦੀ ਝੁਕਾਵਾਂਗੇ, ਤੁਸੀਂ ਹੋਰ ਜਿਹੜੀ ਗੱਲ ਕਰਨੀ ਹੈ ਕਰੋ।'' ਸੂਬਾ ਸਾਹਿਬਜ਼ਾਦੇ ਦੇ ਇਸ ਤਰ੍ਹਾਂ ਦੇ ਬੋਲਣ ਤੇ ਹੋਰ ਭੀ ਹੈਰਾਨ ਹੋਇਆ ਅਤੇ ਉਸ ਨੇ ਕਚਹਿਰੀ ਅੰਦਰ ਬੈਠੇ ਕਾਜ਼ੀ ਵੱਲ ਉਨ੍ਹਾਂ ਨਾਲ ਗੱਲ ਕਰਨ ਲਈ ਇਸ਼ਾਰਾ ਕੀਤਾ।

ਹੁਣ ਕਾਜ਼ੀ ਨੇ ਅਗੇ ਵਧ ਕੇ ਸਾਹਿਬਜ਼ਾਦਿਆਂ ਨੂੰ ਤਰ੍ਹਾਂ ਤਰ੍ਹਾਂ ਦੇ ਡਰ ਤੇ ਲਾਲਚ ਦੇਣੇ ਸ਼ੁਰੂ ਕੀਤੇ, ਕਦੀ ਪਿਆਰ ਨਾਲ ਸਮਝਾਉਂਦਾ ਅਤੇ ਕਦੀ ਧਮਕੀ ਦੇਂਦਾ ਤੇ ਡਰਾਉਂਦਾ। ਉਸ ਨੇ ਇਥੋਂ ਤਕ ਕਹਿ ਦਿਤਾ ਕਿ ''ਜਿਸ ਗੁਰੂ ਪਿਤਾ ਦਾ ਤੁਹਾਡੇ ਦਿਲ ਵਿਚ ਲਾਡ ਹੈ ਉਹ ਹੁਣ ਤੁਹਾਨੂੰ ਨਹੀਂ ਮਿਲ ਸਕਦਾ, ਉਹ ਤਾਂ ਸਰਸਾ ਨਦੀ ਤੋਂ ਲੰਘਦੇ ਹੋਏ ਰਸਤੇ ਵਿਚ ਹੀ ਮਾਰੇ ਗਏ ਹਨ ਅਤੇ ਉਹਨਾਂ ਦੇ ਨਾਲ ਸਾਰੇ ਸਿਖ ਭੀ ਮਰ ਚੁਕੇ ਹਨ। ਤੁਹਾਡੀ ਮਦਦ ਕਰਨ ਵਾਲਾ ਹੁਣ ਕੋਈ ਨਹੀਂ ਰਿਹਾ। ਤੁਹਾਡੇ ਲਈ ਤਾਂ ਹੁਣ ਇਹੋ ਚੰਗਾ ਹੈ ਕਿ ਤੁਸੀਂ ਨਵਾਬ ਸਾਹਿਬ ਨੂੰ ਹੀ ਆਪਣਾ ਧਰਮ ਦਾ ਬਾਪ ਸਮਝੋ ਅਤੇ ਦੀਨ ਇਸਲਾਮ ਨੂੰ ਕਬੂਲ ਕੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਮਾਣੋ।'' ਕਾਜ਼ੀ ਦੇ ਅਜਿਹੇ ਬਚਨ ਸੁਣ ਕੇ ਸਾਹਿਬਜ਼ਾਦੇ ਜੋਸ਼ ਵਿਚ ਆ ਗਏ ਅਤੇ ਇਕ ਦਮ ਬੋਲ ਉਠੇ, ''ਕਾਜ਼ੀ, ਕਿਉਂ ਉਪੱਦਰ ਤੋਲਦਾ ਹੈਂ ? ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਨੂੰ ਮਾਰਨ ਵਾਲਾ ਕੌਣ ਜੰਮਿਆ ਹੈ ? ਸਾਡੀ ਮਦਦ ਕਰਨ ਵਾਲਾ ਅਕਾਲ ਪੁਰਖ ਆਪ ਹੈ। ਜਦੋਂ ਸਾਡਾ ਅਕਾਲ-ਪੁਰਖ ਸਾਡੇ ਨਾਲ ਹੈ ਤਾਂ ਸਾਨੂੰ ਤੇਰੇ ਨੜੇ ਨਵਾਬ ਦੀ ਕੀ ਕਾਣ ਹੈ! ਬਾਕੀ ਜੋ ਤੂੰ ਸਾਨੂੰ ਦੀਨ ਇਸਲਾਮ ਅਤੇ ਬਾਦਸ਼ਾਹੀ ਠਾਠ ਦੀਆਂ ਮੌਜਾਂ ਦਸਦਾ ਹੈਂ, ਇਹ ਗੱਲ ਮੁੜ ਕੇ ਸਾਡੇ ਨਾਲ ਕਰਨ ਦੀ ਲੋੜ ਨਹੀਂ। ਤੇਰੇ ਜਿਹੇ ਆਦਮੀ ਲਈ ਐਸਾ ਕਹਿਣਾ ਹਰਗਿਜ਼ ਨਹੀਂ ਸੋਭਦਾ ਕਿ ਅਸੀਂ ਆਪਣਾ ਬਾਪ ਛਡ ਕੇ ਦੂਸਰੇ ਨੂੰ ਆਪਣਾ ਬਾਪ ਸਮਝ ਲਈਏ। ਜੇਕਰ ਅਸੀਂ ਆਜ਼ਾਦ ਹੁੰਦੇ ਤਾਂ ਹੁਣੇ ਤੇਰੇ ਇਸ ਕਹਿਣ ਦਾ ਮੁੱਲ ਪੁਆ ਦੇਂਦੇ।''

ਸਾਹਿਬਜ਼ਾਦਿਆਂ ਦੇ ਇਸ ਦਲੇਰੀ ਭਰੇ ਉੱਤਰ ਨਾਲ ਨਵਾਬ ਦੀ ਕਚਹਿਰੀ ਅੰਦਰ ਇਕ ਤਰ੍ਹਾਂ ਦਾ ਸੱਨਾਟਾ ਛਾ ਗਿਆ ਅਤੇ ਕਿਤਨਾ ਸਮਾਂ ਚੁਪ ਵਰਤੀ ਰਹੀ। ਅਖ਼ੀਰ ਸੂਬਾ ਬੜੇ ਰੋਹ ਭਰੇ ਦਿਲ ਨਾਲ ਬੋਲਿਆ


www.AKJ.Org

ਕਿ ਮੈਂ ਤਾਂ ਇਨ੍ਹਾਂ ਨੂੰ ਮਾਸੂਮ ਜਾਣ ਕੇ ਇਨ੍ਹਾਂ ਨਾਲ ਆਪਣੇ ਬੱਚਿਆਂ ਵਾਲਾ ਸਲੂਕ ਕੀਤਾ ਸੀ, ਮਗਰ ਮੈਂ ਸਮਝ ਗਿਆ ਹਾਂ ਕਿ ਇਹ ਇਸ ਦੇ ਯੋਗ ਨਹੀਂ। ਅਗਰ ਇਹ ਦੀਨ ਇਸਲਾਮ ਕਬੂਲਣ ਤੋਂ ਇਨਕਾਰ ਕਰਦੇ ਹਨ ਤਾਂ ਇਨ੍ਹਾਂ ਨਾਲ ਸ਼ਰਹ ਦੇ ਅਨਕੂਲ ਵਰਤਾਅ ਕੀਤਾ ਜਾਣਾ ਚਾਹੀਦਾ ਹੈ। ਕਾਜ਼ੀ ਸਾਹਿਬ ਦੱਸਣ ਕਿ ਸ਼ਰਹ ਦਾ ਇਸ ਬਾਰੇ ਕੀ ਫੁਰਮਾਨ ਹੈ। ਕਾਜ਼ੀ, ਜੋ ਸਾਹਿਬਜ਼ਾਦਿਆਂ ਉਪਰ ਕੋਈ ਪ੍ਰਭਾਵ ਨ ਪਾ ਸਕਣ ਕਰਕੇ ਛਿਥਾ ਪੈ ਚੁਕਾ ਹੋਇਆ ਸੀ, ਝਟ ਬੋਲ ਉਠਿਆ, "ਹਜ਼ੂਰ, ਸ਼ਰਹ ਐਸੇ ਹਠੀ ਅਤੇ ਗੁਸਤਾਖ਼ ਬੱਚਿਆਂ ਦਾ ਇੱਟਾਂ ਦੀ ਦੀਵਾਰ ਅੰਦਰ ਚਿਣੇ ਜਾਣ ਦਾ ਫੁਰਮਾਨ ਦੇਂਦੀ ਹੈ।"

"ਤਾਂ ਫਿਰ ਇਨ੍ਹਾਂ ਗੁਸਤਾਖ਼ਾਂ ਨੂੰ ਦੀਵਾਰ ਅੰਦਰ ਚਿਣੇ ਜਾਣ ਵਿਚ ਦੇਰ ਕਿਉਂ ਕੀਤੀ ਜਾ ਰਹੀ ਹੈ", ਇਉਂ ਕਹਿੰਦਾ ਨਵਾਬ ਉਠ ਖੜਾ ਹੋਇਆ ਅਤੇ ਇੱਟਾਂ ਲਗਾਉਣ ਵਾਲੇ ਮਿਸਤ੍ਰੀ ਅਤੇ ਚੂਨਾ ਸੁਰਖ਼ੀ ਇੱਟਾਂ ਆਦਿ ਲਿਆਉਣ ਦੇ ਹੁਕਮ ਜਾਰੀ ਹੋ ਗਏ।

ਥੋੜੀ ਦੇਰ ਵਿਚ ਹੀ ਸਾਰੇ ਸਾਮਾਨ ਤਿਆਰ ਹੋ ਜਾਣ ਤੇ ਸਾਹਿਬਜ਼ਾਦਿਆਂ ਨੂੰ ਵਿਚਾਲੇ ਖੜਾ ਕਰ ਕੇ ਇਨਾਂ ਦੇ ਚਾਰੋਂ ਪਾਸੇ ਇੱਟਾਂ ਬੀੜਨੀਆਂ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਦੇ ਮਾਸੂਮ ਤੇ ਕੋਮਲ ਸਰੀਰਾਂ ਨੂੰ ਮਸਾਲੇ ਨਾਲ ਇੱਟਾਂ ਬੀੜਨ ਤੋਂ ਜੋ ਅਤਿ ਦਰਜੇ ਦਾ ਦੁਖ ਤੇ ਪੀੜਾ ਹੋਈ, ਇਸ ਦਾ ਅੰਦਾਜ਼ਾ ਕਰਨਾ ਭੀ ਕਠਨ ਹੈ। ਕੰਧ ਦੀ ਉਸਾਰੀ ਦੇ ਦੌਰਾਨ ਇਕ ਦੋ ਵੇਰ ਕਾਜ਼ੀ ਨੇ ਮੁੜ ਸਾਹਿਬਜ਼ਾਦਿਆਂ ਨੂੰ ਦੀਨ ਇਸਲਾਮ ਕਬੂਲ ਕਰ ਕੇ, ਇਸ ਮੁਸੀਬਤ ਤੋਂ ਬਚਣ ਦੀ ਪ੍ਰੇਰਨਾ ਦਿਤੀ, ਪ੍ਰੰਤੂ ਉਨ੍ਹਾਂ ਦੀ ਗੁਰੂ ਪਿਤਾ ਦੇ ਚਰਨਾਂ ਵਿਚ ਜੁੜ ਚੁਕੀ ਬਿਰਤੀ ਨੂੰ ਕਾਜ਼ੀ ਕਿਸੇ ਤਰਾਂ ਭੀ ਡੁਲਾ ਨ ਸਕਿਆ। ਵਖਣ ਵਾਲੇ ਅਨਗਿਣਤ ਲੋਕ ਸਾਹਿਬਜ਼ਾਦਿਆਂ ਦੀ ਇਸ ਅਡੋਲਤਾ ਉਤੇ ਅਸ਼ ਅਸ਼ ਕਰਦੇ ਅਤੇ ਉਂਗਲਾਂ ਟੁਕਦੇ ਸਨ, ਪ੍ਰੰਤੂ ਕਿਸੇ ਦਾ ਹੀਆ ਨਹੀਂ ਸੀ ਕਿ ਜ਼ਾਲਮ ਸੂਬੇ ਦੇ ਇਸ ਜ਼ੁਲਮ ਵਿਰੁਧ ਕੁਸਕ ਸਕੇ।

ਹੋਲੀ ਹੋਲੀ ਕੰਧ ਉਚੀ ਹੁੰਦੀ ਗਈ ਅਤੇ ਸਾਹਿਬਜ਼ਾਦਿਆਂ ਦੇ ਸਰੀਰ ਦੇ ਹੇਠਲੇ ਅੰਗ ਇੱਟਾਂ ਤੇ ਮਸਾਲੇ ਦੀ ਦਬ ਨਾਲ ਸਉਣੇ ਸ਼ੁਰੂ ਹੋ ਗਏ। ਉਨ੍ਹਾਂ ਨੇ ਕੰਧ ਦੀ ਚਿਣਾਈ ਸ਼ੁਰੂ ਹੋਣ ਸਮੇਂ ਤੋਂ ਹੀ 'ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। ਜਪੁ। ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ।' ਵਿਚ ਆਪਣਾ ਮਨ ਜੋੜ ਲਿਆ ਹੋਇਆ ਸੀ। ਜਿਉਂ ਜਿਉਂ ਕੰਧ ਉਚੀ ਹੁੰਦੀ ਗਈ, ਸਾਹਿਬਜ਼ਾਦਿਆਂ ਦੇ ਕੋਮਲ ਸਰੀਰ ਕੁਮਲਾਉਣੇ ਸ਼ੁਰੂ ਹੋ ਗਏ ਅਤੇ ਇਸਦੇ ਨਾਲ ਹੀ ਬੇ-ਸੁਰਤੀ ਜ਼ੋਰ ਪਾਉਣ ਲਗੀ। ਭਾਵੇਂ ਇਸ ਸਮੇਂ ਮੌਕੇ ਤੇ ਹਾਜ਼ਰ ਲੋਕ ਸਾਰੇ ਹੀ ਗੁਰੂ ਜੀ ਦੇ ਵਿਰੋਧੀ ਤੇ ਦੁਸ਼ਮਨ ਸਨ, ਪ੍ਰੰਤੂ ਮਾਸੂਮ ਤੇ ਨਿਰਛਲ ਬੱਚਿਆਂ ਉਤੇ ਵਰਤਦਾ ਇਹ ਕਹਿਰ ਕਿਸੇ ਤੋਂ ਭੀ ਸਹਾਰਿਆ ਨਹੀਂ ਜਾਂਦਾ ਸੀ। ਉਨ੍ਹਾਂ ਦੇ ਗੁਲਾਬੀ ਚਮਕਦੇ ਚੇਹਰਿਆਂ ਉਪਰ ਛਾ ਰਹੀ ਮੁਰਦਿਹਾਨੀ ਅਤੇ ਡਲ੍ਹਕਦੀਆਂ ਅੱਖਾਂ ਦੇ ਬੁਝ ਰਹੇ ਦੀਵਿਆਂ ਨੂੰ ਤਕ, ਉਨਾਂ ਦੇ ਕੱਟੜ ਤੇ ਪੱਥਰ ਦਿਲ ਭੀ ਪੰਘਰ ਚੁਕੇ ਸਨ ਅਤੇ ਕਈ ਵੇਖਣਹਾਰਿਆਂ ਦੀਆਂ ਅੱਖਾਂ ਵਿਚੋਂ ਅਥਰੂ ਵਗਦੇ ਅਤੇ ਗਲੇ ਗਚ ਹੋ ਚੁਕੇ ਸਨ। ਇਥੋਂ ਤਕ ਕਿ ਜੋ ਰਾਜ ਸਾਹਿਬਜ਼ਾਦਿਆਂ ਦੇ ਦੁਆਲੇ ਇੱਟਾਂ ਚਿਣ ਰਹੇ ਸਨ, ਉਹ ਭੀ ਇੱਟਾਂ ਚਿਨਣੋਂ ਰਹਿ ਖਲੋਤੇ। ਜੋ ਇੱਟਾਂ ਇਨ੍ਹਾਂ ਹੁਣ ਤਕ ਲਗਾਈਆਂ ਸਨ, ਉਹ ਭੀ ਇਤਨੀਆਂ ਵਿੰਗੀਆਂ ਟੇਢੀਆਂ ਸਨ ਕਿ ਉਹ ਆਪਣੀ ਆਪਣੀ ਥਾਉਂ ਠੀਕ ਨ ਰਹਿ ਸਕੀਆਂ ਅਤੇ ਵੇਖਦਿਆਂ ਵੇਖਦਿਆਂ ਇਹ ਕੰਧ ਫਟ ਕੇ ਡਿਗ ਪਈ ਅਤੇ ਇਸ ਦੇ ਨਾਲ ਹੀ ਬੇ ਹੋਸ਼ ਸਾਹਿਬਜ਼ਾਦਿਆਂ ਦੇ ਸਰੀਰ ਭੀ ਇੱਟਾਂ ਦੇ ਉਪਰ ਵਿਛ ਗਏ।

ਅਜਿਹੀ ਬੇਸੁਰਤੀ ਦੀ ਦਸ਼ਾ ਵਿਚ ਹੀ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਮਾਤਾ ਜੀ ਪਾਸ ਪਹੁੰਚਾਇਆ ਗਿਆ। ਮਾਤਾ ਜੀ ਦੇ ਦਿਲ ਪਰ ਇਸ ਅਤਿ ਦਰਦਨਾਕ ਦ੍ਰਿਸ਼ ਦਾ ਜੋ ਅਸਰ ਹੋਇਆ, ਉਸ ਦਾ ਕਥਨ ਕਰਨਾ ਭੀ ਮੁਸ਼ਕਲ ਹੈ। ਪ੍ਰੰਤੂ ਮਾਤਾ ਜੀ ਨੇ ਵਡੇ ਹੌਸਲੇ ਅਤੇ ਦ੍ਰਿੜ੍ਹਤਾ ਨਾਲ ਇਨ੍ਹਾਂ ਨੂੰ ਸੰਭਾਲਿਆ ਅਤੇ ਬੱਚਿਆਂ ਦੇ ਸਰੀਰਾਂ ਨੂੰ ਆਪਣੇ ਹੱਥਾਂ ਦੀ ਗਰਮਾਈ ਤੇ ਮਾਲਸ਼ ਨਾਲ ਮੁੜ ਸੁਰਜੀਤ ਕੀਤਾ। ਸਣੇ ਸਣੇ ਬੱਚਿਆਂ ਨੂੰ ਸੁਰਤ ਫਿਰੀ ਅਤੇ



www.AKJ.Org

ਅੱਖਾਂ ਖੋਲ੍ਹ ਉਨ੍ਹਾਂ ਮਾਤਾ ਜੀ ਵੱਲ ਤਕਿਆ। ਮਾਤਾ ਨੇ ਇਨ੍ਹਾਂ ਦੀ ਸੁਰਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਜੋੜੇ ਰਖਣ ਦਾ ਉਪਰਾਲਾ ਕੀਤਾ ਅਤੇ ਦੁਖਾਂ ਦੀ ਇਹ ਲੰਬੀ ਰਾਤ ਬੱਚਿਆਂ ਦੀ ਸੇਵਾ ਕਰਦਿਆਂ ਬਿਤਾਈ।

ਅਗਲਾ ਦਿਨ ਭੀ ਏਸੇ ਹਾਲਤ ਵਿਚ ਠੰਢੇ ਬੁਰਜ ਅੰਦਰ ਹੀ ਬੀਤਿਆ ਅਤੇ ਮਾਤਾ ਬੱਚਿਆਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਕਾਰਨਾਮੇ ਸੁਣਾ ਸੁਣਾ ਉਤਸ਼ਾਹਿਤ ਕਰਦੀ ਰਹੀ। ਕਲ੍ਹ ਦੀ ਦੁਖਦਾਈ ਘਟਨਾ ਨੇ ਸਾਹਿਬਜ਼ਾਦਿਆਂ ਨੂੰ ਭਾਵੇਂ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਕਰ ਦਿਤਾ ਸੀ, ਪ੍ਰੰਤੂ ਉਨ੍ਹਾਂ ਦੀ ਆਤਮਕ ਅਵਸਥਾ ਅਤੇ ਸਿਦਕ ਪਹਿਲੇ ਨਾਲੋਂ ਭੀ ਦੂਣ ਸਵਾਏ ਹੋ ਗਏ ਸਨ ਅਤੇ ਆਪਣੇ ਦਾਦਾ ਗੁਰੂ ਵਾਂਗ ਧਰਮ ਦੇ ਨਾਮ ਤੇ ਸ਼ਹੀਦ ਹੋ ਜਾਣ ਦਾ ਚਾਉ ਉਨ੍ਹਾਂ ਦੇ ਅੰਦਰ ਲਟ ਲਟ ਭੜਕ ਰਿਹਾ ਸੀ।

ਜਿਵੇਂ ਕਿਵੇਂ ਰਾਤ ਬੀਤੀ, ੨੭ ਦਸੰਬਰ ਦਾ ਦਿਨ ਚੜ੍ਹਿਆ। ਸੂਬੇ ਵਲੋਂ ਅਜ ਫਿਰ ਸਾਹਿਬਜ਼ਾਦਿਆਂ ਨੂੰ ਹਾਜ਼ਰ ਕੀਤੇ ਜਾਣ ਦਾ ਹੁਕਮ ਪੁਜਾ। ਮਾਤਾ ਨੇ ਪਹਿਲੇ ਦੀ ਤਰ੍ਹਾਂ ਇਨ੍ਹਾਂ ਨੂੰ ਤਿਆਰ ਕੀਤਾ ਅਤੇ ਹਰ ਤਰ੍ਹਾਂ ਦੇ ਕਸ਼ਟ ਦੇ ਸਾਹਮਣੇ ਅਡੋਲ ਰਹਿਣ ਅਤੇ ਗੁਰੂ ਪਿਤਾ ਦੇ ਚਰਨਾਂ ਵਿਚ ਆਪਣੀਆਂ ਬਿਰਤੀਆਂ ਜੋੜੇ ਰਖਣ ਦੀ ਤਾਕੀਦ ਕਰਦੇ ਹੋਏ ਕੋਤਵਾਲ ਦੇ ਨਾਲ ਤੋਰ ਦਿਤਾ।

ਸਾਹਿਬਜ਼ਾਦਿਆਂ ਨੇ ਕਚਹਿਰੀ ਪੁਜ ਕੇ ਪਹਿਲੇ ਦਿਨ ਦੀ ਤਰ੍ਹਾਂ 'ਵਾਹਿਗੁਰੂ ਜੀ ਕਾ ਖਾਲਸਾ-ਵਾਹਿਗੁਰੂ ਜੀ ਕੀ ਫਤਹ' ਬੁਲਾਈ ਅਤੇ ਚੁਪ ਚਾਪ ਖੜੇ ਹੋ ਗਏ। ਅਜ ਨਵਾਬ ਦੀ ਤਬੀਅਤ ਵਿਚ ਕੁਝ ਨਰਮਾਈ ਸੀ ਅਤੇ ਉਹ ਇਸੇ ਸੋਚ ਵਿਚ ਸੀ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਨਾਲ ਕੈਸਾ ਵਰਤਾਉ ਕੀਤਾ ਜਾਵੇ। ਕਚਹਿਰੀ ਅੰਦਰ ਜੁੜੇ ਅਮੀਰ ਵਜ਼ੀਰ ਇਸ ਦੀ ਬਾਬਤ ਆਪਣੇ ਆਪਣੇ ਖ਼ਿਆਲ ਪ੍ਰਗਟ ਕਰ ਰਹੇ ਸਨ। ਮਲੇਰ ਕੋਟਲੇ ਦੇ ਪਠਾਣ ਸ਼ੇਰ ਮੁਹੰਮਦ ਖਾਂ ਨੇ ਕਿਹਾ, "ਨਵਾਬ ਸਾਹਿਬ, ਬਾਪ ਦਾ ਵੈਰ ਬੇਟੇ ਪਾਸੋਂ ਲੈਣਾ ਔਰ ਫਿਰ ਨਾਬਾਲਗ ਮਾਸੂਮ ਬੱਚਿਆਂ ਨੂੰ ਬਾਪ ਦੇ ਕਿਸੇ ਫ਼ੇਲ੍ਹ ਲਈ ਕਸੂਰਵਾਰ ਠਹਿਰਾਉਣਾ ਕਿਸੇ ਤਰ੍ਹਾਂ ਭੀ ਵਾਜਬ ਨਹੀਂ। ਅਜਿਹਾ ਕਰਨਾ ਕਿਸੇ ਦੀਨ ਧਰਮ ਅੰਦਰ ਜਾਇਜ਼ ਨਹੀਂ, ਇਸ ਲਈ ਇਨ੍ਹਾਂ ਬੱਚਿਆਂ ਪਰ ਕੋਈ ਸਖ਼ਤੀ ਰਵਾ ਰਖਣੀ ਠੀਕ ਨਹੀਂ ਹੋਵੇਗੀ।"

ਸ਼ੇਰ ਮੁਹੰਮਦ ਖਾਂ ਦੀ ਗੱਲ ਸੁਣ ਕੇ ਨਵਾਬ ਸਰਹੰਦ ਨੇ ਸ਼ੇਰ ਮੁਹੰਮਦ ਖਾਂ ਨੂੰ ਇਨ੍ਹਾਂ ਬੱਚਿਆਂ ਨੂੰ ਆਪਣੇ ਪਾਸ ਲੈ ਜਾਣ ਲਈ ਕਿਹਾ ਅਤੇ ਨਾਲ ਹੀ ਇਹ ਭੀ ਚਿਤਾਇਆ ਕਿ "ਤੇਰੇ ਬੱਚੇ ਭੀ ਤਾਂ ਗੁਰੂ ਨਾਲ ਲੜਦੇ ਹੋਏ ਹੀ ਮਾਰੇ ਗਏ ਹਨ, ਤੂੰ ਉਹਨਾਂ ਦਾ ਬਦਲਾ ਗੁਰੂ ਦੇ ਬੱਚਿਆਂ ਪਾਸੋਂ ਕਿਉਂ ਨਹੀਂ ਲੈਂਦਾ?" ਪ੍ਰੰਤੂ ਮਲੇਰ-ਕੋਟਲੀਏ ਸ਼ੇਰ ਮੁਹੰਮਦ ਖਾਂ ਨੇ ਕਿਹਾ ਕਿ ਲੜਾਈ ਵਿਚ ਮਾਰੇ ਗਏ ਜਵਾਨ ਪੁੱਤਰਾਂ ਦਾ ਬਦਲਾ ਮਾਸੂਮ ਅੰਞਾਣੇ ਬਾਲਾਂ ਦੀ ਗਰਦਨ ਤੇ ਛੁਰੀ ਰਖਣ ਨਾਲ ਨਹੀਂ ਲਿਆ ਜਾਂਦਾ। ਅਜਿਹਾ ਕਰਨਾ ਕਾਇਰਾਂ ਤੇ ਗੀਦੀਆਂ ਦਾ ਕੰਮ ਹੈ। ਮੈਂ ਬਦਲਾ ਲੈਣਾ ਹੋਵੇਗਾ ਤਾਂ ਗੁਰੂ ਨਾਲ ਸਨਮੁਖ ਲੜ ਕੇ ਲਵਾਂਗਾ।"

ਸ਼ੇਰ ਮੁਹੰਮਦ ਖਾਂ ਦੀਆਂ ਇਨ੍ਹਾਂ ਗੱਲਾਂ ਦਾ ਨਵਾਬ ਸਰਹਿੰਦ ਦੇ ਮਨ ਤੇ ਡੂੰਘਾ ਅਸਰ ਹੋਇਆ ਜਾਪਦਾ ਸੀ। ਪ੍ਰੰਤੂ ਹੁਣ ਦੀਵਾਨ ਸੁਚਾ ਨੰਦ ਉਠ ਖੜਾ ਹੋਇਆ ਅਤੇ ਨਵਾਬ ਨੂੰ ਸੰਬੋਧਨ ਕਰ ਕੇ ਬੋਲਿਆ, "ਹਜ਼ੂਰ, ਸੱਪਾਂ ਨੂੰ ਮਾਰਨਾ ਅਤੇ ਸਪੋਲੀਆਂ ਨੂੰ ਛਡ ਦੇਣਾ ਕਿਧਰ ਦੀ ਸਿਆਣਪ ਹੈ? ਭੇੜੀਏ ਦੇ ਪੁਤਰ ਹਮੇਸ਼ਾ ਭੇੜੀਏ ਹੀ ਹੋਣਗੇ। ਉਨ੍ਹਾਂ ਤੋਂ ਕਿਸੇ ਭਲੇ ਦੀ ਆਸ ਰਖਣੀ ਅੰਞਾਣਪੁਣਾ ਹੈ।" ਸੂਬਾ ਇਸ ਤਰ੍ਹਾਂ ਦੇ ਵਖੋ ਵਖ ਖ਼ਿਆਲ ਸੁਣ ਕੇ ਦੁਚਿੱਤਾ ਹੋ ਚੁਕਾ ਸੀ, ਅਤੇ ਹੁਣ ਸੁਚਾ ਨੰਦ ਦੀ ਗੱਲ ਸੁਣਨ ਤੇ ਕੁਝ ਛਿਥਾ ਜਿਹਾ ਪੈ ਕੇ ਬੋਲ ਉਠਿਆ, "ਕੀ ਮੇਰੇ ਦਰਬਾਰ ਵਿਚ ਕੋਈ ਪਠਾਣ ਬੱਚਾ ਨਹੀਂ, ਜੋ ਇਨ੍ਹਾਂ ਮੂਜ਼ੀਆਂ ਤੋਂ ਮੇਰੇ ਪਿੱਛਾ ਛੁੜਾਵੇ?" ਨਵਾਬ ਦਾ ਇਹ ਕਹਿਣਾ ਸੀ ਕਿ ਉਸੇ ਵੇਲੇ ਸਮਾਣੇ ਦੇ ਰਹਿਣ ਵਾਲੇ ਦੋ ਪਠਾਣ ਭਰਾ ਸਾਸ਼ਲ ਬੇਗ ਅਤੇ ਵਾਸ਼ਲ ਬੇਗ ਗੁੱਸਾ ਖਾ ਕੇ ਉਠੇ ਅਤੇ ਇਕ ਨੇ ਸਾਹਿਬ ਜ਼ੋਰਾਵਰ ਸਿੰਘ ਨੂੰ ਅਤੇ ਦੂਜੇ ਨੇ ਸਾਹਿਬ ਫਤਹ ਸਿੰਘ ਨੂੰ ਜ਼ਮੀਨ ਉਤੇ ਪਟਕਾ ਮਾਰਿਆ ਅਤੇ ਉਨ੍ਹਾਂ ਦੇ ਸੀਨਿਆਂ ਉਤੇ ਆਪਣੇ ਗੋਡੇ ਟੇਕ ਕੇ ਇਕ ਹੱਥ ਨਾਲ ਸਾਹਿਬਜ਼ਾਦਿਆਂ ਦੇ ਸਿਰਾਂ ਨੂੰ ਜ਼ਮੀਨ ਉਤੇ ਦਬਾ ਰਖਿਆ ਅਤੇ ਦੂਜੇ ਹੱਥ ਛੁਰਾ ਫੜ ਬੱਚਿਆਂ ਦੀਆਂ ਕੋਮਲ ਗਰਦਨਾਂ ਤੇ ਐਉਂ ਫੇਰਿਆ,



www.AKJ.Org

ਜਿਵੇਂ ਮੁਸਲਮਾਨ ਲੋਕ ਭੇਡ ਬਕਰਾ ਜ਼ਬਹ ਕਰਨ ਲਈ ਉਹਨਾਂ ਦੀਆਂ ਗਰਦਨਾਂ ਤੇ ਛੁਰੀ ਫੇਰਦੇ ਹਨ ਅਤੇ ਇਸ ਤਰ੍ਹਾਂ ਪਲੋ ਪਲੀ ਅੰਦਰ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿਤਾ।

ਜਿਸ ਥਾਉਂ ਇਹ ਭਾਣਾ ਵਰਤਿਆ, ਉਥੇ ਸਾਹਿਬਜ਼ਾਦਿਆਂ ਦਾ ਸ਼ਹੀਦ-ਅਸਥਾਨ ਗੁਰਦੁਆਰਾ ਫਤਹਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਦੇ ਦਰਸ਼ਨ ਤੋਂ ਸਾਹਿਬ ਜ਼ੋਰਾਵਰ ਸਿੰਘ ਅਤੇ ਸਾਹਿਬ ਫਤਹ ਸਿੰਘ ਦੀ ਅਦੁੱਤੀ ਸ਼ਹੀਦੀ ਦੀ ਚਿਤਾਉਣੀ ਮਿਲਦੀ ਹੈ। ਇਸ ਦੇ ਪਾਸ ਹੀ ਠੰਢੇ ਬੁਰਜ ਵਾਲੇ ਥਾਉਂ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਹੈ। ਇਹ ਅਸਥਾਨ ਪਟਿਆਲੇ ਤੋਂ ਵੀਹ ਬਾਈ ਮੀਲ ਦੀ ਵਿਥ ਤੇ ਬਸੀ ਪਠਾਣਾਂ ਨੂੰ ਜਾਣ ਵਾਲੀ ਪੱਕੀ ਸੜਕ ਉਤੇ ਸਰਹਿੰਦ ਅਤੇ ਬਸੀ ਦੇ ਵਿਚਾਲੇ ਵਾਕਿਆ ਹੈ।

ਬੱਚਿਓ! ਜ਼ਰਾ ਵਿਚਾਰੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਜੀ ਨੇ ਸਿਖੀ ਸ਼ਾਨ ਨੂੰ ਕਾਇਮ ਰਖਣ ਖ਼ਾਤਰ ਕਿਤਨਾ ਕਸ਼ਟ ਉਠਾਇਆ। ਉਨ੍ਹਾਂ ਦੇ ਦਿਲ ਅੰਦਰ ਗੁਰੂ ਜੀ ਲਈ ਅਤੇ ਉਨ੍ਹਾਂ ਦੀ ਬਖਸ਼ੀ ਸਿੱਖੀ ਅਤੇ ਕੇਸਾਂ ਲਈ ਕਿਤਨਾ ਪਿਆਰ ਸੀ। ਉਨ੍ਹਾਂ ਨੇ ਇਤਨਾ ਕਸ਼ਟ ਉਠਾਇਆ ਅਤੇ ਮਰਨਾ ਮਨਜ਼ੂਰ ਕੀਤਾ, ਪ੍ਰੰਤੂ ਸਿੱਖੀ ਤੋਂ ਮੂੰਹ ਨਹੀਂ ਮੋੜਿਆ। ਤੁਸੀਂ ਭੀ ਉਹਨਾਂ ਦੇ ਪੂਰਨਿਆਂ ਪਰ ਤੁਰਨਾ ਸਿਖੋ ਅਤੇ ਸਿੱਖੀ ਨਾਲ ਉਤਨਾ ਪਿਆਰ ਕਰੋ ਜਿਤਨਾ ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫਤਹ ਸਿੰਘ ਨੇ ਕੀਤਾ ਸੀ।

---

## ਭਾ: ਸਾ: ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ੨੫ ਸਾਲ ਜਾਂ ਘਟ ਉਮਰ ਦੇ ਅੰਮ੍ਰਿਤਧਾਰੀ ਬੱਚੇ ਪ੍ਰੀਖਿਆ ਦੇ ਸਕਦੇ ਹਨ। ਪ੍ਰੀਖਿਆ ਦੇਣ ਵਾਲਾ ਜੁੜਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ੩੦ ਪੰਨੇ ਪ੍ਰਤੀ ਘੰਟਾ ਪਾਠ ਕਰਨ ਦੀ ਯੋਗਤਾ ਰਖਦਾ ਹੋਵੇ, ਪਰ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ। ਸਫਲਤਾ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ।

ਪ੍ਰੀਖਿਆ ਆਉਂਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਉਤਸਵ ਦੇ ਲੁਧਿਆਣਾ ਵਿਖੇ ਹੋਣ ਵਾਲੇ ਸਮਾਗਮ ਸਮੇਂ ਹੋਵੇਗੀ। ਲੁੜੀਂਦੇ ਫ਼ਾਰਮ "ਸਕੱਤ੍ਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ", ੨੩–ਜੀ, ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ ਠੀਕ ਢੰਗ ਨਾਲ ਭਰ ਕੇ, ਲੁਧਿਆਣੇ ਦੇ ਉਪਰਲੇ ਪਤੇ ਤੇ ਹੀ ੨੦ ਦਸੰਬਰ ੧੯੯੨ ਤਕ ਪਹੁੰਚਾ ਦਿਤੇ ਜਾਣ।

ਖਾਲਸਾ ਜੀ ਦਾ ਸੇਵਕ—ਜਥੇਦਾਰ, ਅਖੰਡ ਕੀਰਤਨੀ ਜਥਾ

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੫੦ ਚਿਤਰ, ੭੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | " | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | " | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | " | ੧-੦੦ |
| ਜਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ | " | ੦-੫੦ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | " | ੦-੭੫ |
| Dawn of Divine wisdom | 0.75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | " | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | " | ੧-੦੦ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | " | ੦-੭੫ |
| ਸ੍ਰੀ ਭਗਉਤੀ ਪ੍ਰਬੰਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ [ਉੱਘੇ ਵਿਦਵਾਨ] | | ੧-੫੦ |



www.AKJ.Org

# ਸੇਈ ਗੁਰਮੁਖਿ ਪਿਆਰੇ ਮੇਲਿ

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਅੰਮ੍ਰਿਤਸਰ]

ਭਾ: ਸਾ: ਭਾਈ ਰਣਧੀਰ ਸਿੰਘ ਜੀ ਆਪ ਤਾਂ ਨਾਮ-ਬਾਣੀ ਦੇ ਸਦਰੜੇ ਰੰਗ ਵਿਚ ਰੰਗੇ ਰਹਿੰਦੇ ਸਨ, ਪਰ ਜਿਸ ਜਿਸ ਨੇ ਭੀ ਉਹਨਾਂ ਦੀ ਸੰਗਤ ਕੀਤੀ, ਕੀਰਤਨ ਸੁਣਿਆ, ਅਤੇ ਉਹਨਾਂ ਪਾਸ ਬੈਠ ਕੇ ਕੀਰਤਨ-ਅਖਾੜਿਆਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਉਹ ਭੀ ਨਾਮ-ਰੰਗ ਵਿਚ ਰੰਗੇ ਗਏ। ਹੁਣ ਜਦੋਂ ਪਿਛਾਂਹ ਨੂੰ ਲੰਮੀ ਝਾਤ ਮਾਰ ਕੇ ਵੇਖੀਦਾ ਹੈ ਤਾਂ ਸੱਚ ਮੁੱਚ ਇਉਂ ਲਗਦਾ ਹੈ ਜਿਵੇਂ ਉਹ ਅਤੇ ਉਹਨਾਂ ਦੇ ਅਨੇਕਾਂ ਸੰਗੀ ਸਾਥੀ, ਜੋਤਿ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਟਬਉਰੇ ਆਸ਼ਕ ਸਨ। ਆਮ ਰਾਗੀ ਸਿੰਘ ਤਾਂ ਘੜੀਆਂ ਵੇਖ ਵੇਖ ਕੇ ਅਤੇ ਪ੍ਰਬੰਧਕਾਂ ਦੀ ਬੰਦਸ਼ ਵਿਚ ਬਧੇ ਹੋਏ ਕੀਰਤਨ ਕਰਦੇ ਹਨ, ਪਰ ਇਹਨਾਂ ਲਟਬਉਰਿਆਂ ਨੂੰ ਕੋਈ ਪ੍ਰਬੰਧਕ ਭੋਗ ਪਾਉਣ ਲਈ ਕਹਿਣ ਦਾ ਹੀਆ ਨਹੀਂ ਸੀ ਕਰਦਾ। ਰਸ-ਭਿੰਨੇ ਕੀਰਤਨ ਦੀਆਂ ਅੰਮ੍ਰਿਤ ਵੇਲੇ ਤੋਂ ਦੁਪਹਿਰ ਤਕ ਅਤੇ ਖ਼ਾਸ ਖ਼ਾਸ ਸਮਾਗਮਾਂ ਤੇ ਸੋਦਰ ਸਮੇਂ ਤਕ ਗੂੰਜਾਂ ਪਈ ਜਾਂਦੀਆਂ। ਮਾਨੋ, ਕੀਰਤਨ ਦਾ ਇਕ ਹੜ ਜਿਹਾ ਆ ਗਿਆ ਹੁੰਦਾ ਹੈ, ਜਿਸ ਵਿਚ ਸਭੇ ਸੰਕਲਪ ਵਿਕਲਪ ਰੁੜ੍ਹ ਜਾਂਦੇ, ਅਤੇ ਸਰੀਰ ਕੰਚਨ-ਵੰਨੇ ਹੋਏ ਜਾਪਦੇ। ਕਥਾ ਬ੍ਰਿਤਾਂਤ ਦੇ ਸਾਹਮਣੇ ਕੀਰਤਨ ਛੜਾਕੇ ਦਾ ਮੀਂਹ ਹੈ। ਅਨੇਕਾਂ ਰੂਹਾਂ ਨੇ ਇਸ ਕੀਰਤਨ ਰੂਪੀ ਹੜ ਦੇ ਜਲ ਵਿਚ ਚੁਭੇ ਲਾਏ ਅਤੇ ਜਨਮ ਸਫਲਾ ਕੀਤਾ। ਭਾਈ ਸਾਹਿਬ ਨੇ ਪੰਥ ਵਿਚ ਕੀਰਤਨ ਦੀ ਪਰਪਾਟੀ ਪਾਈ, ਜਿਸ ਦੀ ਛੱਬੀ ਨਿਰਾਲੀ ਹੈ। ਰਾਗ ਜਾਂ ਸੰਗੀਤ ਦੀਆਂ ਤਾਨਾਂ ਜਾਂ ਪਲਟੇ ਭਾਵੇਂ ਨਾ ਵੀ ਹੋਣ, ਪਰ ਬਾਣੀ ਨੂੰ ਰਸ ਲੈ ਲੈ ਕੇ ਪੜ੍ਹਨ ਅਤੇ ਇਕ ਇਕ ਤੁਕ ਨੂੰ ਕਈ ਕਈ ਵਾਰ ਰਸ ਲੈ ਲੈ ਕੇ ਗਾਇਨ ਕਰਨ ਸਮੇਂ ਇਉਂ ਦਿਸ ਆਉਂਦਾ ਸੀ, ਜਿਵੇਂ ਗੁਰੂਦੇਵ ਪਾਤਸ਼ਾਹ ਨੂੰ ਸਾਹਮਣੇ ਪਰਤਖ ਸੰਬੋਧਨ ਕਰਕੇ ਕੀਰਤਨ ਹੋ ਰਿਹਾ ਹੈ। ਅੱਜ ਕਲ੍ਹ ਕੁਝ ਅਲਮਸਤ ਕੀਰਤਨੀਏ ਭਾਵੇਂ ਇਕ ਇਕ ਤੁਕ ਤੇ 'ਵਾਹਿਗੁਰੂ ਵਾਹਿਗੁਰੂ' ਦੀ ਧੁਨੀ ਲਾਉਣ ਲਗ ਪਏ ਹਨ, ਜਿਸ ਨੇ ਕੀਰਤਨ ਦੇ ਉਸ ਅਗੰਮੀ ਰਸ ਨੂੰ ਘਟਾਇਆ ਹੀ ਹੈ। ਕੀਰਤਨ ਵਿਚ ਅਭਿਆਸ ਕਰਨ ਨਾਲ ਨਾ ਉਹ ਕੀਰਤਨ-ਅਖਾੜਾ ਰਹਿੰਦਾ ਹੈ ਤੇ ਨਾ ਹੀ ਅਭਿਆਸ-ਅਖਾੜਾ। ਭਾਈ ਸਾਹਿਬ ਤੋਂ ਬਾਅਦ ਪੂਰੀ ਇਕ ਪੀੜ੍ਹੀ (੩੦-੩੨ ਸਾਲ) ਦੀ ਵਿੱਥ ਪਈ ਹੈ ਤੇ ਕੀਰਤਨ ਦੀ ਪੁਰਾਤਨ ਪਰੰਪਰਾ ਵਿਚ ਇਤਨਾ ਫ਼ਰਕ ਆ ਗਿਆ ਹੈ।

ਐਤਕੀਂ ਅਸੀਂ ਭਾਈ ਸਾਹਿਬ ਜੀ ਦੇ ਇਕ ਰੰਗ-ਰਤੇ ਲਟਬਉਰੇ-ਸਾਥੀ ਭਾਈ ਦਰਸ਼ਨ ਸਿੰਘ ਜੀ ਰਾੜਗੱਜ ਦੀਆਂ, ਅੱਖੀਂ ਵੇਖੀਆਂ ਸੁਣੀਆਂ ਘਟਨਾਵਾਂ ਨੂੰ ਪਾਠਕਾਂ ਨਾਲ ਰਲ ਕੇ ਚਿਤਾਰਦੇ ਹਾਂ। ਭਾਈ ਦਰਸ਼ਨ ਸਿੰਘ ਜੀ ਫੂਲਰਵਾਨ(ਸਰਗੋਧਾ) ਨਿਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੀਰਤਨ-ਅਖਾੜਿਆਂ ਦੇ ਬਿਸਮਾਦੀ ਰੰਗਾਂ ਤੋਂ ਪ੍ਰਭਾਵਤ ਹੋ ਕੇ ਸੰਨ ੧੯੩੯ ਵਿਚ ਫੂਲਰਵਾਨ ਵਿਖੇ ਇਕ ਅੰਮ੍ਰਿਤ-ਸੰਚਾਰ ਸਮਾਗਮ ਵਿਚ ਗੁਰੂ ਕੇ ਜਹਾਜ਼ੇ ਚੜ੍ਹੇ। ਇਹਨਾਂ ਨੂੰ ਪਤਾ ਨਹੀਂ ਸੀ ਕਿ ਜੱਥੇ ਵਿਚ ਸ਼ਾਮਲ ਹੋਣ ਵਾਲੇ ਨੂੰ ਗੁਰੂ ਹੁਕਮਾਂ ਅਨੁਸਾਰ ਤਾਮਸੀ ਭੋਜਨ ਮਾਸ-ਅੰਡਾ, ਮੱਛੀ-ਸ਼ਰਾਬ ਆਦਿ ਦਾ ਤਿਆਗ ਕਰਨਾ ਪੈਂਦਾ ਹੈ। ਇਹ ਭੋਜਨ ਨਾਮ ਅਤੇ ਕੀਰਤਨ ਰਸ ਮਾਨਣ ਲਈ ਵਿਘਨਕਾਰੀ ਹਨ। ਪਰ ਭਾਈ ਦਰਸ਼ਨ ਸਿੰਘ ਜੀ ਤਾਂ ਸ਼ੁਰੂ ਤੋਂ ਹੀ ਤਕੜੇ ਮਾਸ ਦੇ ਛਕਊਏ ਸਨ। ਇਹਨਾਂ ਅੰਮ੍ਰਿਤ-ਸੰਚਾਰ ਵਿਚ ਜੁੜੇ ਪੰਜ ਪਿਆਰਿਆਂ ਦੇ ਜਥੇਦਾਰ ਬਾਬੂ ਮੱਲ ਸਿੰਘ ਜੀ ਨੂੰ ਆਪਣੀ ਇਸ ਕਮਜ਼ੋਰੀ ਦਾ ਜਦੋਂ ਜ਼ਿਕਰ ਕੀਤਾ ਤਾਂ ਉਹਨਾਂ ਹੁਕਮ ਦਿਤਾ ਕਿ ਅੱਜ ਜੋ ਆਪ ਨੂੰ ਸਤਿਗੁਰੂ ਦੇ ਦਰ-ਘਰ ਤੋਂ ਨਾਮ ਦੀ ਦਾਤਿ ਬਖ਼ਸ਼ਸ਼ ਹੋ ਰਹੀ ਹੈ, ਇਸ ਨਾਮ ਦੇ ਸਿਮਰਨ ਦਾ ਇਕ ਮਹੀਨਾ ਲਗਾਤਾਰ ਅੰਮ੍ਰਿਤ ਵੇਲੇ ਤਿੰਨ ਘੰਟੇ ਅਭਿਆਸ ਕਰਨਾ ਹੈ। ਫਿਰ ਵੇਖੋ ਕੀ ਹੁੰਦਾ ਹੈ? ਭਾਈ ਦਰਸ਼ਨ ਸਿੰਘ ਜੀ ਨੇ ਅੰਮ੍ਰਿਤ ਛਕਦੇ ਸਾਰ ਹੀ ਕਰੜੀ ਘਾਲ ਘਾਲਣੀ ਆਰੰਭ ਕਰ ਦਿੱਤੀ। ਮਾਸ ਖਾਣਾ ਤਾਂ ਇਕ ਪਾਸੇ ਰਿਹਾ, ਉਹਨਾਂ ਦਾ ਮਾਸ ਵਲ ਤਕਣ ਨੂੰ ਵੀ ਜੀਅ ਨਾ ਕੀਤਾ। ਇਹ ਸੀ ਨਾਮ ਅਭਿਆਸ ਦੀ ਪਾਰਸ-ਕਲਾ, ਜੋ ਸਤਿਗੁਰੂ ਦੀ ਕਿਰਪਾ ਨਾਲ ਉਹਨਾਂ ਤੇ ਵਰਤੀ—



www.AKJ.Org

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥੪॥ (ਪੰਨਾ ੯੧੭)

ਭਾਈ ਸਾਹਿਬ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਆਪ ਨੇ ਜਵਾਨੀ ਦੀ ਅਵਸਥਾ ਵਿਚ ਗੁਰਬਾਣੀ ਦੀ ਸੰਥਿਆ ਸੰਤ ਨਿਸਚਲ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ। ਉਹ ਕਈ ਵਾਰ ਦਸਿਆ ਕਰਦੇ ਸਨ ਕਿ ਸੰਤ ਜੀ ਬਾਣੀ ਅਸ਼ੁਧ ਉਚਾਰਣ ਵਾਲੇ ਵਿਦਿਆਰਥੀਆਂ ਨੂੰ ਕਾਫੀ ਤਕੜੀ ਤਾੜਨਾ ਕਰਦੇ ਹੁੰਦੇ ਸਨ। ਉਹਨਾਂ ਤੋਂ ਹੀ ਆਪ ਨੇ ਬੜੀ ਮਿਹਨਤ ਨਾਲ ਬਾਣੀ ਸਰਲ ਕੀਤੀ। ਉਹਨਾਂ ਅੰਦਰ ਗੁਰਬਾਣੀ ਦੇ ਸ੍ਰੀ ਅਖੰਡ ਪਾਠ ਅਤੇ ਕੀਰਤਨ ਕਰਨ ਦਾ ੧੯੩੯ ਤੋਂ ਮਗਰੋਂ ਐਸਾ ਜਜ਼ਬਾ ਪ੍ਰਬਲ ਹੋਇਆ ਕਿ ਕਹਿਬੇ ਕੋ ਸੋਭਾ ਨਹੀਂ। ਫੂਲਰਵਾਨ ਆਪ ਕਪਾਹ ਦੇ ਆੜ੍ਹਤੀ ਦਾ ਕੰਮ ਕਰਦੇ ਸਨ। ਕਪਾਹ ਦਾ ਕੇਵਲ ਛੇ ਮਹੀਨੇ ਵਪਾਰ ਹੁੰਦਾ ਸੀ, ਬਾਕੀ ਛੇ ਮਹੀਨੇ ਵਪਾਰ ਬੰਦ ਰਹਿੰਦਾ ਸੀ। ਵਿਸਾਖੀ ਤੋਂ ਅਕਤੂਬਰ ਦੇ ਅੱਧ ਤਕ ਭਾਈ ਸਾਹਿਬ ਜੀ ਨਾਲ ਅਖੰਡ-ਪਾਠਾਂ ਅਤੇ ਕੀਰਤਨ-ਅਖਾੜਿਆਂ ਦੇ ਅਨੰਦ ਮਾਣਦੇ। ਜਦ ਕਦੀ ਸੁਰਤਿ ਕੰਮ-ਧੰਦੇ ਵਲ ਖਿਚ ਖਾਂਦੀ ਤਾਂ ਭਾਈ ਸਾਹਿਬ ਜੀ ਨੇ ਤਾੜਨਾ ਕਰਨੀ "ਕੀਰਤਨ ਸੁਰਤਿ ਟਿਕਾਅ ਕੇ ਸੁਣਿਆ ਕਰ। ਜਿਸ ਵਪਾਰ ਵਲ ਤੇਰੀ ਸੁਰਤਿ ਦੌੜਦੀ ਹੈ, ਇਹ ਸਭ ਦੇ ਸਭ ਠਿੱਸੂ ਫਿੱਸੂ ਹੋ ਜਾਣੇ ਹਨ।" ਭਾਈ ਦਰਸ਼ਨ ਸਿੰਘ ਜੀ ਕਿਹਾ ਕਰਦੇ, "ਸਾਨੂੰ ਉਦੋਂ ਹੀ ਪਤਾ ਲਗਾ ਜਦੋਂ ੧੯੪੭ ਵਿਚ ਦੇਸ਼ ਦੀ ਵੰਡ ਹੋਈ ਤੇ ਸਾਡਾ ਸਾਰਾ ਵਪਾਰ ਠਿੱਸੂ ਫਿੱਸੂ ਹੋ ਗਿਆ।

ਇਕ ਬੜੀ ਵਚਿਤਰ ਗੱਲ ਉਹਨਾਂ ਵਿਚ ਇਹ ਦੇਖੀ ਕਿ ਜਦੋਂ ਨਾਮ ਜਪਦੇ ਜਪਦੇ ਮਸਤੀ ਵਿਚ ਆਉਂਦੇ, ਜਾਂ ਗੁਰਸਿੱਖਾਂ ਨੂੰ ਸਾਹਮਣੇ ਆਉਂਦੇ ਵੇਖਦੇ ਤਾਂ ਉਹਨਾਂ ਨੂੰ ਚਾਉ ਚੜ੍ਹ ਜਾਂਦਾ। ਬੜੀ ਉਚੀ ਆਵਾਜ਼ ਵਿਚ ਵਾਹਿਗੁਰੂ ਦੀ ਥਾਂ 'ਗੁਰੂ ਵਾਹਿ' ਦੀ ਗੂੰਜ ਗੂੰਜਾਉਂਦੇ। ਜਿਹੜੇ ਉਹਨਾਂ ਨੂੰ ਨਹੀਂ ਸੀ ਜਾਣਦੇ, ਉਹ ਡਰ ਭੀ ਜਾਂਦੇ ਤੇ ਕਹਿੰਦੇ, ਭਾਈ ਸਾਹਿਬ ਨੂੰ ਕੀ ਹੋ ਗਿਆ ਹੈ ? ਉਤਰ ਹੁੰਦਾ, ਇਹਨਾਂ ਨੂੰ ਕਦੀ ਕਦੀ ਨਾਮ ਦੀ ਮਸਤੀ ਆਉਂਦੀ ਹੈ। ਪਿਆਰ ਵਿਚ ਸਿੰਘਾਂ ਨੇ ਇਹਨਾਂ ਦਾ ਨਾਮ 'ਗੜ੍ਹਗੱਜ' ਪਾਇਆ ਹੋਇਆ ਸੀ। ਭਾਵ, ਬੁਲੰਦ ਆਵਾਜ਼ ਵਾਲੇ।

ਆਪ ਨੇ ਪਾਕਿਸਤਾਨ ਬਣਨ ਤੋਂ ਬਾਅਦ ਜਲੰਧਰ ਆ ਕੇ ਵਾਸਾ ਕਰ ਲਿਆ। ਦਾਸ ਨੇ ਇਹਨਾਂ ਦੇ ਪਹਿਲੀ ਵਾਰ ੧੯੫੮ ਵਿਚ ਦਰਸ਼ਨ ਕੀਤੇ। ਆਪ ਦੋ ਕੁ ਵਜੇ, ਲਾਗਲੇ ਸਿੰਘਾਂ ਨੂੰ ਅੰਮ੍ਰਿਤ ਵੇਲਾ ਸੰਭਾਲਣ ਲਈ ਸਾਵਧਾਨ ਕਰਦੇ ਅਤੇ ਰੱਲ ਕੇ ਅਭਿਆਸ ਨਿੱਤਨੇਮ ਵਿਚ ਜੁਟਦੇ। ਦਿਨ-ਚੜ੍ਹੇ ਘਰ ਪਰਤਦੇ। ਲੱਤਾਂ ਦੀਆਂ ਨਸਾਂ ਦੀ ਕਮਜ਼ੋਰੀ ਕਰਕੇ, ਆਪ ਦੀ ਚਾਲ ਡਗਮਗਾਉਣ ਲਗ ਪਈ ਸੀ। ਇਕ ਵਾਰੀ ਅੰਮ੍ਰਿਤ ਵੇਲੇ ਆਪ ਜੀ ਸਿੰਘਾਂ ਨਾਲ ਨਿਤਨੇਮ ਕਰਨ ਲਈ ਗੁਰੂ ਗੁਰੂ ਜਪਦੇ ਤੁਰੇ ਜਾਂਦੇ ਸਨ ਤਾਂ ਪਹਿਰੇ ਦੇ ਦੋ ਸਿਪਾਹੀਆਂ ਨੇ ਆਪ ਨੂੰ ਸ਼ਰਾਬੀ ਸਮਝ ਕੇ ਆਵਾਜ਼ਾ ਕਸਿਆ, "ਬਾਬਾ ਥੋੜੀ ਪੀਣੀ ਸੀ, ਹੁਣ ਝੂਲਦਾ ਜਾਂਦਾ ਏਂ।" ਬਾਬਾ ਜੀ ਚੁੱਪ ਰਹੇ ਅਤੇ ਕਰਤਾਰ ਦੇ ਰੰਗਾਂ ਵਿਚ ਮਸਤ ਰਹੇ। ਭਗਤੀ ਕਰਨ ਵਾਲਿਆਂ ਨੂੰ ਲੋਕਾਂ ਦੇ ਬੋਲ ਕੁਬੋਲ ਸੁਣ ਕੇ ਕਰਤਾਰ ਦੇ ਭਾਣੇ ਵਿਚ ਵਿਚਰਨਾ ਹੀ ਬਣਦਾ ਹੈ। ਬੋਲ ਕੁਬੋਲ ਤਾਂ ਮਾਮੂਲੀ ਗੱਲ ਹੈ, ਭਗਤਾਂ ਨਾਲ ਤਾਂ ਸੰਸਾਰੀਆਂ ਨੇ ਬੁਰੀ ਤਰ੍ਹਾਂ ਦੁਰ-ਵਿਹਾਰ ਕਰਨ ਤੋਂ ਵੀ ਕਦੇ ਸੰਕੋਚ ਨਹੀਂ ਕੀਤਾ। ਕੀ ਇਹ ਭਗਤਾਂ ਦਾ ਇਮਤਿਹਾਨ ਨਹੀਂ ਆਖਿਆ ਜਾ ਸਕਦਾ ? ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਉਹਨਾਂ ਦੇ ਪਰਿਵਾਰ ਦੀਆਂ ਜਾਂ ਸਿੰਘਾਂ ਦੀਆਂ ਸ਼ਹੀਦੀਆਂ ਸਭ ਇਸੇ ਗੱਲ ਦੀ ਗਵਾਹ ਹਨ—ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥(੧੩੫)

ਸਿੰਘਾਂ ਨੂੰ ਸੰਬੋਧਨ ਕਰ ਕੇ ਇਕ ਦੂਜੇ ਦੇ ਮੂੰਹ ਤੇ ਉਨ੍ਹਾਂ ਦੇ ਗੁਣਾਂ ਨੂੰ ਸਲਾਹੁਣਾ ਤੇ ਵਡਿਆਈ ਕਰਨੀ, ਹਉਮੈ ਦਾ ਵਪਾਰ ਕਰਨਾ ਹੈ, ਜੋ ਕਿ ਜ਼ਹਿਰ ਵਾਂਗ ਹਾਨੀਕਾਰਕ ਹੈ। ਇਕ ਵਾਰੀ ਅਸੀਂ ਬਾਬਾ ਜੀ ਨੂੰ ਲਗੇ ਵਡਿਆਉਣ। ਉਨ੍ਹਾਂ ਆਖਣਾ, ਤੁਸੀਂ ਮੈਨੂੰ ਕਿਉਂ ਹਉਮੈ ਦੇ ਪੱਠੇ ਪਾਉਂਦੇ ਹੋ ? ਤਾਂ ਅਸੀਂ ਮਚਲੇ ਹੋ ਕੇ ਅਗੋਂ ਆਖਣਾ, "ਬਾਬਾ ਜੀ ! ਅਸੀਂ ਤਾਂ ਆਪ ਜੀ ਨੂੰ ਹਉਮੈ ਦੇ ਪੱਠੇ ਪਾਵਾਂਗੇ, ਜੇ ਤੁਹਾਨੂੰ ਇਹਨਾਂ ਦੀ ਭੁੱਖ ਨਹੀਂ ਤਾਂ ਨਾ ਖਾਓ, ਛੱਡ ਦਿਓ।" ਪਰ ਉਹ ਅਸਾਡੀਆਂ ਅਜਿਹੀਆਂ ਗੱਲਾਂ ਦਾ ਬੁਰਾ ਨਹੀਂ ਸੀ ਮਨਾਉਂਦੇ, ਸਗੋਂ


www.AKJ.Org

ਉਹਨਾਂ ਹੱਸ ਛਡਣਾ।

ਹੁਣ ੩੦ ਸਾਲਾਂ ਬਾਅਦ ਸੋਚ ਫੁਰਦੀ ਹੈ ਕਿ ਸਾਰਾ ਸੰਸਾਰ ਪਸ਼ੂ ਵੱਤ ਹੈ। ਕਾਮ ਕ੍ਰੋਧ ਲੋਭ ਮੋਹ ਅਹੰਕਾਰ ਮਾਨੋ ਵੰਨ-ਸੁਵੰਨੇ ਹਰਿਆਵਲ ਦੇ ਖੇਤ ਹਨ। ਮਨੁਖ ਪਸ਼ੂ ਬਣੇ ਹੋਏ ਹਨ, ਕੋਈ ਕਾਮ ਦੇ ਰਸ ਵਿਚ ਮਸਤ ਹੈ, ਕੋਈ ਲੋਭ ਅਤੇ ਕੋਈ ਮੋਹ ਦੇ ਪੱਠੇ ਖਾ ਕੇ ਭੁਖ ਮਿਟਾਉਣ ਦਾ ਬਿਰਥਾ ਜਤਨ ਕਰ ਰਿਹਾ ਹੈ। ਕੋਈ ਅਹੰਕਾਰ ਅਤੇ ਕ੍ਰੋਧ ਦੇ ਪੱਠੇ ਖਾ ਕੇ ਆਕੜਿਆ ਨਜ਼ਰੀ ਪੈਂਦਾ ਹੈ।

ਜੈਸੇ ਪਸੁ ਹਰ੍ਹਿਆਉ ਹੈ ਤੈਸਾ ਸੰਸਾਰੁ ਸਭ ॥੪॥੪॥੧੦੬॥ (ਪੰਨਾ ੩੯੭)

ਭਾਈ ਦਰਸ਼ਨ ਸਿੰਘ ਜੀ ਬੜੇ ਪਰਉਪਕਾਰੀ ਗੁਰਸਿਖ ਸਨ। ਦਰ-ਅਸਲ ਸਿਖ ਤਾਂ ਹੁੰਦਾ ਹੀ ਪਰ-ਉਪਕਾਰੀ ਹੈ। ਕੋਈ ਸਮੇਂ ਦਾ ਹੀ ਗੇੜ ਹੈ। ਸਾਡੇ ਸਹੀ ਸਰੂਪ ਨੂੰ ਬੇਸਮਝ ਲੋਕਾਂ ਨੇ ਵਿਗਾੜ ਕੇ ਪੇਸ਼ ਕੀਤਾ ਹੈ ਤੇ ਕਰ ਰਹੇ ਹਨ। ਪਰ ਸਿੱਖ ਨੇ ਆਪਣੇ ਕਿਰਦਾਰ ਰਾਹੀਂ ਆਪਣਾ ਆਦਰਸ਼ (*image*) ਉਭਾਰਨਾ ਹੈ। ਭਾਈ ਦਰਸ਼ਨ ਸਿੰਘ ਜੀ ਨੇ ਹਰ ਮਹੀਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਸਹਜ ਪਾਠ ਦਾ ਭੋਗ ਪਾਉਣਾ, ਪਰ ਆਪਣੇ ਲਈ ਜਾਂ ਆਪਣੇ ਪਰਿਵਾਰ ਦੇ ਸੁਖ-ਆਰਾਮ ਲਈ ਕੁਝ ਵੀ ਨਾ ਮੰਗਣਾ, ਸਗੋਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ-ਬੇਨਤੀ ਕਰਦੇ। ਭਾਈ ਦਰਸ਼ਨ ਸਿੰਘ ਜੀ ਦੇ ਇੰਜ ਆਪ ਗੁਰਬਾਣੀ ਦੇ ਪਾਠ ਕਰਨੇ ਅਤੇ ਗੁਰੂ ਮਹਾਰਾਜ ਨੂੰ ਹੀ ਅਰਪਨ ਕਰ ਦੇਣੇ, ਇਕ ਅਦੁੱਤੀ ਮਿਸਾਲ ਹੈ।

ਅੱਜ ਸ਼ਾਇਦ ਪੰਥ ਦੀ ਨਿਘਰਦੀ ਕਲਾ ਦਾ ਇਕ ਕਾਰਨ ਇਹ ਭੀ ਹੋ ਸਕਦੈ ਕਿ ਅਸੀਂ ਆਪਣੇ ਪਰਿਵਾਰਾਂ ਦੇ ਸੁਖ-ਆਰਾਮ ਲਈ ਮਹਾਰਾਜ ਅਗੇ ਬੇਨਤੀਆਂ ਕਰਨ, ਵਾਸਤੇ ਸਹਜ ਪਾਠ ਤੇ ਅਖੰਡਪਾਠਆਦਿ ਤਾਂ ਰਖਵਾਉਂਦੇ ਹਾਂ ਪਰ ਖਾਲਸੇ ਦੀ ਏਕਤਾ ਇਤਫ਼ਾਕ ਅਤੇ ਚੜ੍ਹਦੀ ਕਲਾ ਲਈ ਜੋਦੜੀਆਂ ਕਰਨ ਵਲ ਘਟ ਹੀ ਧਿਆਨ ਦੇਂਦੇ ਹਾਂ। ਗੁਰਬਾਣੀ ਦੇ ਪਾਠ ਸੰਪੂਰਨ ਕਰ ਕੇ ਅਰਦਾਸ ਬੇਨਤੀ ਕਰਨ ਵਾਲੀਆਂ ਰੂਹਾਂ ਟਾਵੀਆਂ ਹੀ ਰਹਿ ਗਈਆਂ ਜਾਪਦੀਆਂ ਹਨ।

ਪੁਰਾਤਨ ਸਿੰਘ ਅਰਦਾਸ ਕਰਦੇ ਤਾਂ ਇਹ ਮੰਗਦੇ ਸੁਣੇ ਹਨ, "ਸਚੇ ਪਾਤਸ਼ਾਹ ! ਸਾਨੂੰ ਆਪਣੇ ਪੰਥ ਦੀ ਸੇਵਾ ਕਰਨ ਦਾ ਚਾਉ ਬਖ਼ਸ਼ੋ। ਇਹੋ ਚਾਉ ਭਾਈ ਦਰਸ਼ਨ ਸਿੰਘ ਜੀ ਵਿਚ ਵਿਲੱਖਣ ਰੰਗਾਂ ਵਿਚ ਸੀ। ਆਪ ਜੀ ਨੇ ਗੁਰਸਿੱਖਾਂ ਨੂੰ ਘਰ ਘਰ ਜਾ ਕੇ ਬਾਣੀ ਦੀ ਸੰਥਿਆ ਦੇਣੀ ਅਤੇ ਪਾਠ ਸ਼ੁੱਧ ਕਰਵਾਉਣਾ। ਗੁਰੂ ਦੀ ਬਖ਼ਸ਼ੀ ਇਹ ਕਾਰ ਕਰਦਿਆਂ ਆਪ ਸਦਾ ਖਿੜੇ ਰਹਿੰਦੇ ਅਤੇ ਵਿਗਾਸ ਵਿਚ ਇਸ ਚਾਉ ਨੂੰ ਨਿਭਾਂਦਿਆਂ ਕਦੇ ਅਕਦੇ ਥਕਦੇ ਨਾ। ਦਾਸ ਨੂੰ ਭੀ ਉਹ ਘਰ ਆ ਕੇ ਸੰਥਿਆ ਦਿੰਦੇ ਰਹੇ। ਇਹਨਾਂ ਨੇ ਹੀ ਦਾਸ ਨੂੰ ਗੁਰਬਾਣੀ ਦੀਆਂ ਲਗਾਂ ਮਾਤਰਾਂ ਵਲ ਧਿਆਨ ਦੇਣ ਅਤੇ ਗੁਰਬਾਣੀ ਵਿਆਕਰਣ ਦੀ ਚੇਟਕ ਲਾਈ।

ਇਉਂ ਸੇਵਾ ਕਰਦਿਆਂ ਕਰਦਿਆਂ ਆਪ ਜੀ ੨੨ ਮਾਰਚ ੧੯੮੪ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਗੌਰਵਤਾ | ੩੨-੦੦ | ਗੁਰਮਤਿ ਸ਼ੱਚ ਨਿਰਣੈ | ੧੫-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਅਣਡਿਠੀ ਦੁਨੀਆ | ੧੯-੦੦ |
| ਕਥਾ ਕੀਰਤਨ | ੧੬-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਪ੍ਰਕਾਸ਼ | ੧੧-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ | ੩-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕਲਾ | ੧-੫੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |





www.AKJ.Org

# ਦੇਗ ਤੇਗ ਫ਼ਤਹ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਖ਼ਾਲਸਾ ਆਪਣੀ ਅਰਦਾਸ ਵਿਚ ਦੇਗ ਚਲਾਉਣ ਤੇ ਤੇਗ ਵਾਹੁਣ ਵਾਲਿਆਂ ਨੂੰ ਯਾਦ ਹੀ ਨਹੀਂ ਕਰਦਾ, 'ਦੇਗ ਤੇਗ ਫ਼ਤਹ' ਲਈ ਅਰਦਾਸ-ਜੋਦੜੀ ਵੀ ਕਰਦਾ ਹੈ।

'ਦੇਗ' ਉਸ ਰੱਬੀ ਮੇਹਰ ਦੀ ਪ੍ਰਤੀਕ ਹੈ, ਸਾਰੀ ਧਰਤੀ ਜਿਸ ਦਾ ਦੇਗਬੱਰਾ ਹੈ :

ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ। —ਬਸੰਤੁ ਮ: ੧ (੧੧੯੦/੧੯)

ਇਹ ਉਸ ਪ੍ਰਤਿਪਾਲਨਾ ਵਲ ਸੰਕੇਤ ਕਰਦੀ ਹੈ ਜੋ ਸਿਰਜਨਾ ਤੋਂ ਵੀ ਪਹਿਲੋਂ ਤੋਂ ਮੌਜੂਦ ਸੀ,੧ ਤੇ ਜੀਆਂ ਦੀ ਆਮਦ ਤੋਂ ਵੀ ਪਹਿਲਾਂ ਉਹਨਾਂ ਲਈ ਰਿਜ਼ਕ ਜੁਟਾ ਰਹੀ ਸੀ। ਇਸ ਨਾਤੇ ਦੇਗ ਰੱਬ ਦੀਆਂ ਅਨੰਤ ਦਾਤਾਂ ਦੀ ਪ੍ਰਤੀਕ ਹੈ। ਇਹ ਦਾਤਾਂ ਉਸ ਦਾਤੇ ਦੀ ਉਦਾਰਤਾ ਦੀ ਬਖ਼ਸ਼ਿਸ਼ ਹਨ। ਉਸ ਦਾ ਪ੍ਰਸਾਦਿ ਹਨ।੨ ਅੰਨ ਵੀ ਉਤਨਾ ਹੀ ਪੂਜਨੀਕ ਹੈ ਜਿਤਨਾ ਅੰਨ-ਦਾਤਾ :

ਜਪੀਐ ਨਾਮੁ ਜਪੀਐ ਅੰਨੁ। —ਗੋਂਡ ਕਬੀਰ ਜੀ (੮੭੩/੩)

ਰਿਜ਼ਕ ਧਰਮ ਹੈ, ਖਾਣਾ ਪੀਣਾ ਪਵਿੱਤਰ ਹੈ੩। ਇਸ ਲਈ ਉਦਰ-ਪੂਰਤੀ ਵੀ ਭਗਤੀ ਦਾ ਹੀ ਇਕ ਅੰਗ ਹੈ, ਪਰ ਤਾਂ, ਜੇਕਰ ਭਗਤੀ ਦੇ ਨਮਿੱਤ ਹੋਵੇ। ਇਉਂ ਦੇਗ ਭਗਤੀ ਦੀ ਪ੍ਰਤੀਕ ਹੈ।

ਉਦਰ ਦੀ ਭੁੱਖ ਤਾਂ ਬੜੀ ਛੋਟੀ ਭੁੱਖ ਹੈ। ਅਸਲ ਭੁੱਖ ਤਾਂ ਅਧਿਆਤਮਕ ਭੁੱਖ ਹੈ, ਜਿਸ ਲਈ ਨਾਮ ਦਾ ਆਹਾਰ ਲੋੜੀਂਦਾ ਹੈ।੪ ਗਿਆਨ ਦਾ ਭੋਜਨ ਚਾਹੀਦਾ ਹੈ,੫ ਸ਼ਬਦ ਦਾ ਲੰਗਰ੬ ਦਰਕਾਰ ਹੈ। ਇਉਂ ਦੇਗ ਅਧਿਆਤਮਕ ਸੰਤੁਸ਼ਟੀ ਦੇ ਅਰਥ ਵੀ ਦੇਂਦੀ ਹੈ। ਗੁਰੂ ਦੀ ਇਹ ਦੇਗ ਵੀ ਅਤੁੱਟ ਵਰਤਦੀ ਤੇ ਭੁੱਖੀਆਂ ਆਤਮਾਵਾਂ ਨੂੰ ਰਜਾ ਕੇ ਤ੍ਰਿਪਤ ਕਰਦੀ ਹੈ :

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ। ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।

ਵਾਰ ਮਾਝ ਮ: ੧ (੧੫੦/੧੮)

ਦੇਗ ਚਉਕੇ ਦਾ ਵੀ ਚਿੰਨ੍ਹ ਹੈ, ਤੇ ਚਉਕਾ ਗ੍ਰਿਹਸਤ ਦਾ। ਚਉਕੇ ਦੀ ਅੱਗ ਤੇ ਨਾਥਾਂ ਜੋਗੀਆਂ ਦੇ ਧੂੰਏਂ ਵਿਚ ਬੁਨਿਆਦੀ ਅੰਤਰ ਇਹ ਹੈ ਕਿ ਜਿਥੇ ਚਉਕਾ ਗ੍ਰਿਹਸਤ ਦਾ ਪ੍ਰਤੀਕ ਹੈ, ਧੂੰਆਂ ਮੰਗ ਕੇ ਖਾਣ ਨਾਲ ਜੁੜਿਆ ਹੋਇਆ ਹੈ। ਸਿੱਖੀ ਵਿਚ ਮੰਗਣਾ ਵਰਜਿਤ ਹੈ। ਇਹ ਮੰਗਤਿਆਂ ਦਾ ਧਰਮ ਨਹੀਂ, ਦਾਤਿਆਂ ਦਾ ਧਰਮ ਹੈ। ਦਾਨ ਤਾਂ ਗ੍ਰਿਹਸਤੀ ਹੀ ਦੇ ਸਕਦਾ ਹੈ, ਜਿਥੋਂ ਸਭ ਮੰਗਤਿਆਂ ਨੂੰ ਵੀ ਭਿਖਿਆ ਪੈਂਦੀ ਹੈ :

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।

—ਵਡਹੰਸ ਵਾਰ ੪, ਸਲੋਕੁ ਮ: ੩ (੫੮੭/੨)

ਇਉਂ ਦੇਗ ਤੋਂ ਵਸਦੇ ਘਰ ਦਾ ਸੰਕੇਤ ਮਿਲਦਾ ਹੈ, ਜਿਥੋਂ ਲੋੜਵੰਦਾਂ ਨੂੰ ਆਸਰਾ ਮਿਲਦਾ ਹੈ। ਇਹ ਗ੍ਰਿਹਸਤ ਆਸ਼੍ਰਮ ਦਾ ਚਿੰਨ੍ਹ ਬਣਦੀ ਹੈ, ਜੋ ਦੁਨੀਆ ਤੋਂ ਭੱਜਣ ਦੀ ਨਿਖੇਧੀ ਕਰਦਾ ਹੈ। ਪਰਵਿਰਤੀ ਨਿਵਿਰਤੀ ਦੋ ਤਰ੍ਹਾਂ ਦੇ ਹੱਠ ਹਨ। ਗਰਮਤਿ ਰਹਿਣੀ ਇਹਨਾਂ ਦੋਹਾਂ ਤੋਂ ਬਚਦੀ 'ਵਿਚੇ ਗ੍ਰਿਹਸਤ ਉਦਾਸ' ਰਹਿੰਦੀ ਹੈ।੭

---

੧. ਪਹਿਲੋ ਦੇ ਤੈਂ ਰਿਜਕੁ ਸਮਾਹਾ। ਪਿਛੋ ਦੇ ਤੈਂ ਜੰਤੁ ਉਪਾਹਾ। —ਮਾਝ ਮ: ੫ (੧੩੦/੧੮)

੨. ਇਸੇ ਲਈ ਕੜਾਹ ਪ੍ਰਸਾਦਿ, ਰੁੱਪਾ ਪ੍ਰਸਾਦਿ, ਪ੍ਰਸਾਦਾ ਆਦਿਕ ਸ਼ਬਦ ਦੇਗ ਦੀ ਇਸਤਲਾਹ ਦੇ ਸ਼ਬਦ ਹਨ।

੩. ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ। —ਆਸਾ ਵਾਰ ੧, ਮ: ੧ (੪੭੨/੧੯)

੪. ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ। —ਰਾਮਕਲੀ ਮ: ੩ (੯੧੭/੯)
ਪੁਨਾ : ਜਨ ਕੀ ਭੂਖ ਤੇਰਾ ਨਾਮੁ ਆਹਾਰੁ। — ਸੂਹੀ ਮ: ੫ (੭੪੩/੧੫)

੫. ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ। — ਗਉੜੀ ਮ: ੫ (੨੭੩/੨)

੬. ਲੰਗਰੁ ਚਲੈ ਗੁਰ ਸਬਦਿ ਹਰਿ । —ਰਾਮਕਲੀ ਵਾਰ ਰਾਇ ਬਲਵੰਡ (੯੬੭/੧)

੭. ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ। —ਮਲਾਰ ਵਾਰ ਮ: ੧ (੧੨੮੦/੧੧)



www.AKJ.Org

ਇਹ ਦੇਗ ਕਿਸੇ ਦੀ ਨਿੱਜੀ ਮਾਲਕੀ ਨਹੀਂ। ਇਹ ਗੁਰੂ ਦੀ ਦੇਗ ਹੈ। ਅੰਨ ਪਾਣੀ ਗੁਰੂ ਦਾ ਹੈ, ਸਾਡੀ ਤਾਂ ਟਹਿਲ-ਸੇਵਾ ਹੀ ਹੈ। ਅਸੀਂ ਕੀ ਦਾਨ ਕਰਨ ਜੋਗੇ ਹਾਂ ? ਸਾਡਾ ਆਪਣਾ ਹੈ ਕੀ ? ਅਸੀਂ ਤਾਂ ਕੇਵਲ ਸਾਹਿਬ ਦੀਆਂ ਦਾਤਾਂ ਨੂੰ ਅਗਾਂਹ, ਵਧੇਰੇ ਲੋੜਵੰਦ ਹੱਥਾਂ ਵਿਚ, ਤੋਰ ਹੀ ਸਕਦੇ ਹਾਂ।

**ਦੇਗ ਕਿਰਤ ਦੇ ਗੌਰਵ ਦੀ ਵੀ ਪ੍ਰਤੀਕ ਹੈ। ਕਿਰਤ ਬਿਨਾਂ ਤਾਂ ਦੇਗ ਮਸਤ ਹੀ ਹੋ ਜਾਂਦੀ ਹੈ। ਸੁੱਚੀ ਕਿਰਤ ਜੋ ਦਸਾਂ ਨਹੁੰਆਂ ਦੀ ਘਾਲਨਾ ਕਰਦੀ ਹੈ ਤੇ ਹੱਥੋਂ ਦੇ ਕੇ ਭਲਾ ਮਨਾਂਦੀ ਹੈ੧, ਉਹੀ ਦੇਗ ਚਲਾ ਸਕਦੀ ਹੈ।**

ਦੇਗ, ਗੁਰੂ ਕੇ ਲੰਗਰ ਦਾ ਦੂਜਾ ਨਾਮ ਵੀ ਹੈ। ਜਿਥੇ ਵੀ ਹਰਿ ਦਾ ਮੰਦਰ (ਗੁਰਦੁਆਰਾ) ਹੋਵੇ, ਉਥੇ ਅੰਨ ਦੇ ਮੰਦਰ (ਲੰਗਰ) ਦੀ ਥਾਪਣਾ ਲਾਜ਼ਮੀ ਗਿਣੀ ਜਾਂਦੀ ਹੈ। ਲੰਗਰ ਤੋਂ ਭਾਵ ਇਹ ਨਹੀਂ ਕਿ ਆਪੇ ਪਕਾਈਏ ਤੇ ਆਪੇ ਖਾ ਲਈਏ। ਲੰਗਰ ਤਾਂ ਉਹ ਮੰਦਰ ਹੈ ਜਿਥੇ ਸੇਵਾ ਦਾ ਅਵਸਰ ਮਿਲਦਾ ਹੈ, ਜਿਥੇ ਸੇਵਾ ਦਾ ਪ੍ਰਵਾਹ ਚਲਦਾ ਹੈ। ਇਥੇ ਫਰਸ਼ ਧੁਪਦੇ, ਰਸਦ ਆਉਂਦੀ, ਬਾਲਣ ਮੁਹੱਈਆ ਹੋਂਦਾ, ਦਾਲਾਂ ਚੁਗੀਂਦੀਆਂ, ਸਬਜ਼ੀਆਂ ਕਟੀਂਦੀਆਂ ਆਟਾ ਗੁਨ੍ਹੀਂਦਾ, ਅੰਨ ਪਕਦਾ, ਪੰਗਤਾਂ ਲਗਦੀਆਂ, ਲੰਗਰ ਵਰਤੀਂਦਾ ਤੇ ਭਾਂਡੇ ਮਾਂਜੇ ਜਾਂਦੇ ਹਨ। ਇਕ ਤੋਂ ਇਕ ਅਗਲੇਰੀ ਸੇਵਾ ਪ੍ਰਾਪਤ ਹੁੰਦੀ ਹੈ। ਇਕ ਬਦੇਸ਼ੀ ਪਤ੍ਰਕਾਰ ਨੇ ਜਦ ਹਰਿਮੰਦਰ ਸਾਹਿਬ ਦੇ ਲੰਗਰ ਵਿਚ ਇਹ ਸਭ ਸੇਵਾਵਾਂ ਹੁੰਦੀਆਂ ਵੇਖੀਆਂ ਤਾਂ ਉਹ ਵਿਸਮਿਤ ਹੋ ਕਹਿਣ ਲਗਾ, "ਏਥੇ ਸਚਮੁਚ ਧਰਮ ਜੀਵਿਆ ਜਾਂਦਾ ਹੈ। ਏਥੇ ਰੱਬ ਦੇ ਪਿਤਾ ਤੇ ਮਨੁੱਖਾਂ ਦੇ ਭਾਈ ਭਾਈ ਹੋਣ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ। ਦਾਤ ਭਾਵੇਂ ਰੱਬ ਦੀ ਹੀ ਵਰਤਦੀ ਹੈ, ਭਾਈ ਭਾਈ ਸਭ ਰਲ ਕੇ ਇਸ ਨੂੰ ਸਾਂਭਦੇ, ਵਰਤਦੇ, ਵਰਤਾਂਦੇ ਹਨ, ਤੇ ਦਾਤਾਰ ਦੇ ਸ਼ੁਕਰਾਨੇ ਦੇ ਬੋਲ ਉਚਾਰਦੇ ਹਨ। ਏਹੋ ਬੈਕੁੰਠ ਹੈ।"

ਗੁਰੂ ਕੇ ਲੰਗਰ ਵਿਚ ਬਰਾਬਰੀ ਦਾ ਅਭਿਆਸ ਹੁੰਦਾ ਹੈ, ਏਕਤਾ ਦੀ ਸਾਧਨਾ ਹੁੰਦੀ ਹੈ, ਕੌਮੀ ਜ਼ਿੰਦਗੀ ਦਾ ਸੰਕੇਤ ਮਿਲਦਾ ਹੈ। ਇਥੇ ਇਕ ਅਨੁਸ਼ਾਸਨ ਵਰਤਦਾ ਹੈ। ਤਿਆਰ ਹੋ ਚੁਕੇ ਲੰਗਰ ਨੂੰ ਵਰਤਾਉਣ ਦੀ ਸਤਿਗੁਰੂ ਪਾਸੋਂ ਅਰਦਾਸ ਰਾਹੀਂ ਆਗਿਆ ਮੰਗੀ ਜਾਂਦੀ ਹੈ; ਸੰਗਤ ਪੰਗਤਾਂ ਵਿਚ ਬੈਠਦੀ ਹੈ; ਜਦ ਤਕ ਲੰਗਰ ਸਭ ਨੂੰ ਵਰਤ ਨਹੀਂ ਜਾਂਦਾ, ਸੰਗਤਾਂ ਨਾਮ ਜਪੀ ਜਾਂਦੀਆਂ ਹਨ, ਛਕਣਾ ਸ਼ੁਰੂ ਨਹੀਂ ਕਰਦੀਆਂ। ਜੈਕਾਰਾ ਬੁਲਾਏ ਜਾਣ ਤੇ ਹੀ ਸਭ ਛਕਣਾ ਸ਼ੁਰੂ ਕਰਦੇ ਹਨ। ਕੋਈ ਜੂਠ ਨਹੀਂ ਛਡਦਾ।

ਗੁਰੂ ਕਾ ਅਟੁੱਟ ਲੰਗਰ ਸਾਡੀਆਂ ਸਰੀਰਕ ਲੋੜਾਂ ਹੀ ਪੂਰੀਆਂ ਨਹੀਂ ਕਰਦਾ, ਅਧਿਆਤਮਕ ਲੋੜਾਂ ਵੀ ਪੂਰੀਆਂ ਕਰਦਾ ਹੈ। ਇਉਂ ਅੰਨ ਦੇ ਇਸ ਮੰਦਰ ਵਿਚ ਮੁਕਤੀ ਦੀ ਦਾਤ ਵਰਤੀਂਦੀ ਹੈ।

ਦੇਗ ਦੀ ਫ਼ਤਹ ਦਾ ਭਾਵ ਪ੍ਰਤਿਪਾਲਕ ਕਰਤਾ ਪੁਰਖ ਦੀ ਫ਼ਤਹ (ਵਾਹਿਗੁਰੂ ਜੀ ਕੀ ਫ਼ਤਹ) ਵੀ ਹੈ; ਅੰਨ ਰਾਹੀਂ ਉਪਾਸ਼ਨਾ ਵੀ ਹੈ; ਗ੍ਰਿਹਸਤ ਦੀ ਪ੍ਰਧਾਨਗੀ ਵੀ ਹੈ; ਕਿਰਤ ਦਾ ਗੌਰਵ ਵੀ ਹੈ; ਸੇਵਾ ਦਾ ਮਹਾਤਮ ਵੀ ਹੈ, ਸਮਾਜਕ ਬਰਾਬਰੀ ਦਾ ਅਲਾਨ ਵੀ ਹੈ।

ਦੇਗ ਵਾਂਙੂ ਹੀ '**ਤੇਗ**' ਬਹੁਪਰਤੇ ਚਿੰਨ੍ਹਾਂ ਦੀ ਪ੍ਰਤੀਕ ਵੀ ਹੈ ਤੇ ਆਪਣੇ ਆਪ ਵਿਚ ਇਕ ਉਪਯੋਗੀ ਵਸਤ ਵੀ। ਇਹ ਆਤਮ-ਸੁਰੱਖਿਆ ਦਾ ਹਥਿਆਰ ਵੀ ਹੈ, ਤੇ ਆਤਮ-ਸਾਹਸ ਦਾ ਹੀਲਾ ਵੀ। ਹਥਿਆਰ-ਬੰਦ ਵਿਰੋਧ ਦਾ ਵੀ ਇਹ ਸਾਧਨ ਹੈ ਤੇ ਆਕ੍ਰਮਣ ਰੋਕਣ ਦਾ ਵੀ। ਹਰ ਹਾਲਤ ਸਿਖ ਨੂੰ ਇਸ ਦੀ ਵਰਤੋਂ ਆਖ਼ਰੀ ਹੀਲੇ ਦੇ ਤੌਰ ਤੇ ਹੀ ਕਰਨ ਦਾ ਆਦੇਸ਼ ਹੈ।੨ ਸ਼ਸਤ੍ਰ-ਬੱਧ ਹੋਣਾ, ਪਰ ਸ਼ਸਤ੍ਰਾਂ ਦੀ ਕੁਵਰਤੋਂ ਨ ਕਰਨੀ, ਇਹ ਅਸਲ ਅਹਿਸਾ ਹੈ। ਸਿੱਖੀ ਦੀ ਅਹਿੰਸਾ 'ਹੁੰਦੇ ਤਾਣ ਨਿਤਾਣਾ' ਵਾਲੀ ਅਹਿੰਸਾ ਹੈ। ਜੋ ਬਲਹੀਣਾ ਹੈ, ਉਹ ਅਹਿੰਸਾ ਦਾ ਅਭਿਆਸੀ ਨਹੀਂ ਹੋ ਸਕਦਾ, ਕੇਵਲ ਅਹਿੰਸਾ ਦਾ ਨਕਾਬ ਹੀ ਪਹਿਨ ਸਕਦਾ ਹੈ, ਜਿਸ ਦੇ ਉਹਲੇ, ਦਰ-ਅਸਲ ਕੇਵਲ ਕਾਇਰਤਾ ਹੀ ਵਰਤਦੀ ਹੈ।

---

੧. ਕਿਰਤ ਵਿਰਤ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ। —ਭਾ: ਗੁਰਦਾਸ ਜੀ, ੬, ੧੨,

੨. ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ। —ਜ਼ਫ਼ਰਨਾਮਾ, ੨੨



www.AKJ.Org

ਖ਼ਾਲਸੇ ਦਾ ਤਾਂ ਜਨਮ ਹੀ ਤੇਗ ਵਿਚੋਂ ਹੋਇਆ। ਉਪਰੰਤ, ਇਹ ਤੇਗ ਖ਼ਾਲਸੇ ਦੀ ਰਹਿਤ ਦਾ ਭਾਗ ਬਣ ਗਈ।[1] ਇਹ ਕੇਵਲ ਉਪਯੋਗੀ ਵਸਤ ਕਰਕੇ ਹੀ ਨਹੀਂ, ਇਕ ਸਜੀਵ ਚਿੰਨ੍ਹ ਦੇ ਤੌਰ ਤੇ ਵੀ ਰਹਿਤ ਵਿਚ ਸ਼ਾਮਲ ਹੋਈ ਜਾਪਦੀ ਹੈ। ਹਜ਼ੂਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਨਿੱਕੀ ਕਿਰਪਾਨ ਦੇ ਦਰਸ਼ਨ ਕਰਵਾਏ ਜਾਂਦੇ ਹਨ ਜੋ ਉਪਯੋਗੀ ਨਹੀਂ, ਕੇਵਲ ਚਿੰਨ੍ਹਾਤਮਕ ਹੀ ਹੋ ਸਕਦੀ ਹੈ। ਪ੍ਰਸ਼ਨ ਪੈਦਾ ਹੁੰਦਾ ਹੈ, ਤੇਗ ਕਾਹਦਾ ਚਿੰਨ੍ਹ ਹੈ ?

ਸਭ ਤੋਂ ਪਹਿਲਾਂ ਇਹ ਆਪ ਅਕਾਲ ਪੁਰਖ ਦੀ ਪ੍ਰਤੀਕ ਹੈ। ਅਕਾਲ ਪੁਰਖ ਨੂੰ ਖੜਗਕੇਤ[2], ਸ੍ਰੀ ਅਸਪਾਨ[3], ਸ੍ਰੀ ਅਸਿਕੇਤ[4] ਆਦਿ ਵਿਸ਼ੇਸ਼ਣਾਂ ਨਾਲ ਯਾਦ ਕਰਨਾ ਇਸੇ ਗੱਲ ਦਾ ਸੂਚਕ ਹੈ। ਇਸੇ ਨੂੰ ਹੀ ਭਗਉਤੀ ਆਖ ਕੇ ਅਰਦਾਸ ਦੇ ਸ਼ੁਰੂ ਵਿਚ ਆਰਾਧਿਆ ਗਿਆ ਹੈ। ਮੈਕਾਲਿਫ ਦੇ ਸ਼ਬਦਾਂ ਵਿਚ 'ਪਰਮਾਤਮਾ ਵੀ ਦੁਸ਼ਟਾਂ ਦਾ ਸੰਘਾਰ ਕਰਦਾ ਹੈ, ਕਿਰਪਾਨ ਵੀ; ਇਸ ਲਈ ਕਿਰਪਾਨ ਪਰਮਾਤਮਾ, ਤੇ ਪਰਮਾਤਮਾ ਕਿਰਪਾਨ ਹੈ'।[5] ਸਿਰਫ਼ ਗੁਰਮਤਿ ਵਿਚ ਹੀ ਨਹੀਂ, ਈਸਾਈ ਧਰਮ ਵਿਚ ਵੀ ਰੱਬ ਦੀ ਸ਼ਕਤੀ ਨੂੰ ਤੇਗ ਕਰ ਕੇ ਹੀ ਮੰਨਿਆ ਗਿਆ ਹੈ :

And take...the sword of the spirit, which is the word of God. (Ephesians 6:17)

ਇਸ ਦੈਵੀ ਤੇਗ ਦਾ ਪ੍ਰਕਾਰਜ ਦਸਮ ਪਾਤਸ਼ਾਹ ਨੇ ਇਉਂ ਵਰਨਣ ਕੀਤਾ ਹੈ :

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ।
ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸ ਸਰਣੰ।
ਜੈ ਜੈ ਜਗ ਕਾਰਣ, ਸ੍ਰਿਸ਼ਟ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ। —ਬਚਿਤ੍ਰ ਨਾਟਕ : ੧,੨,

ਇਸ ਖੜਗ ਨੂੰ ਮੂਰਖਾਂ ਦੇ ਦਲ ਨੂੰ ਕੱਟਣ ਵਾਲੀ, ਕੁਬੁੱਧ ਹਟਾਉਣ ਵਾਲੀ, ਪਾਪ ਮਿਟਾਉਣ ਵਾਲੀ, ਸੰਸਾਰ ਨੂੰ ਸਿਰਜਣ ਵਾਲੀ, ਸ੍ਰਿਸ਼ਟੀ ਨੂੰ ਬਚਾਉਣ ਵਾਲੀ ਤੇ ਪ੍ਰਤਿਪਾਲਨਾ ਕਰਨ ਵਾਲੀ ਕਿਹਾ ਗਿਆ ਹੈ। ਸਪੱਸ਼ਟ ਹੈ ਕਿ ਜਿਸ ਖੜਗ ਦਾ ਇਥੇ ਜ਼ਿਕਰ ਹੈ ਉਹ ਰੱਬ ਦੀ ਆਪਣੀ ਰੱਬਤਾ ਬਿਨਾਂ ਹੋਰ ਕੁਝ ਵੀ ਨਹੀਂ। ਅਗਿਆਨਤਾ ਨੂੰ ਕੱਟਣ ਵਾਲੀ ਇਹ ਦੈਵੀ ਗਿਆਨ-ਖੜਗ ਹੈ।

ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ। —ਮਾਰੂ ਵਾਰ ਮ: ੩ (੧੦੮੭/੪)

ਇਸੇ ਖੜਗ ਦੁਆਰਾ ਹੀ ਮਨ ਨਾਲ ਲੂਝਿਆ ਜਾਂਦਾ ਹੈ।[6] ਇਸੇ ਨਾਲ ਹੀ ਕਾਮਾਦਿਕ ਪੰਜਾਂ ਦੂਤਾਂ ਦਾ ਸੰਘਾਰ ਕੀਤਾ ਜਾਂਦਾ ਹੈ।[7] ਇਸੇ ਰਾਹੀਂ 'ਸੰਤ ਉਬਾਰਨ, ਦੁਸ਼ਟ ਉਪਾਰਨ' ਦਾ ਧਰਮ ਪਾਲਿਆ ਜਾਂਦਾ ਹੈ। ਇਸੇ ਦੀ ਮਾਰਫ਼ਤ ਨਿਆਂ ਕੀਤਾ ਜਾਂਦਾ ਹੈ, ਬਿਰਦ ਦੀ ਪੈਜ ਪਾਲੀ ਜਾਂਦੀ ਹੈ, ਸ਼ਰਣ ਪਏ ਦੀ ਲਾਜ ਰਖੀ ਜਾਂਦੀ ਹੈ। ਤੇਗ, ਅਥਵਾ ਕਿਰਪਾਨ, ਕਿਰਪਾ ਦੀ ਹੀ ਨਹੀਂ, 'ਆਨ' (=ਅਣਖ) ਦੀ ਵੀ ਸੂਚਕ ਹੈ। ਅਣਖ ਵਾਲੇ ਹੀ ਵਖਤ ਪਿਆਂ ਤੇ ਲੜਦੇ ਹਨ।[8]

---

੧. ਬਿਨਾ ਤੇਗ ਕੇਸੰ ਦੇਹੁ ਨ ਦਿਦਾਰੇ। —ਗੁਰਬਿਲਾਸ ਪਾ: ੧੦, ਅਧਿ: ੨੩
੨. ਖੜਗਕੇਤ ਮੈਂ ਸਰਣਿ ਤਿਹਾਰੀ। —ਪਾ: ੧੦ ਕਬਿਯੋ ਬਾਚ ਬੇਨਤੀ, ਚੌਪਈ ੨੫
੩. ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ .. —ਰਾਮਾਵਤਾਰ ੮੬੩-੪
੪. ਸ੍ਰੀ ਅਸਿਕੇਤਿ ਜਗਤ ਕੇ ਨਾਥਾ। —ਚਰਿਤ੍ਰ ੪੦੫, ੩੭੪-੨
੫. ਐਮ. ਏ. ਮੈਕਾਲਿਫ : ਦੀ ਸਿਖ ਰਿਲੀਜਨ, ਜਿਲਦ ਦੂਜੀ, ਪੰਨਾ ੮੩
੬. ਗਿਆਨ ਖੜਗੁ ਲੈ ਮਨ ਸਿਉ ਲੂਝੈ...... —ਮਾਰੂ ਮ: ੧ (੧੦੨੨/੧੩)
੭. ਗਿਆਨ ਖੜਗ ਪੰਚ ਦੂਤ ਸੰਘਾਰੇ .. —ਸਲੋਕ ਮ: ੩ (੧੪੧੪/੬)
੮. ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ। —ਮਾਝ ਵਾਰ ੧, ਸਲੋਕੁ ਮ: ੧ (੧੪੫/੧੬



www.AKJ.Org

ਤੇਗ, ਬਲ ਦਾ ਚਿੰਨ੍ਹ ਹੈ। ਬਲ ਛੁਟਕੇ ਤਾਂ ਬੰਧਨ ਪੈਂਦੇ ਹਨ।[੧] ਬਲ ਹੋਵੇ ਤਾਂ ਬੰਧਨ ਛੁੱਟ ਜਾਂਦੇ ਹਨ।[੨] ਇਉਂ ਤੇਗ ਬੰਧਨ-ਮੁਕਤੀ ਅਥਵਾ ਆਜ਼ਾਦੀ ਦਾ ਚਿੰਨ੍ਹ ਹੈ।

ਤੇਗ ਰਾਜਸੀ ਸੱਤਾ ਦਾ ਚਿੰਨ੍ਹ ਵੀ ਹੈ। ਤੇਗ ਦੇ ਬਲ ਬਿਨਾਂ ਕੋਈ ਰਾਜ ਕਾਇਮ ਨਹੀਂ ਰਹਿ ਸਕਦਾ।[੩] ਜਾਪਦਾ ਹੈ ਇਹ ਤੇਗ ਇਕ ਸਿਰੇ ਰੱਬ ਦੀ ਰੱਬਤਾ ਦੀ ਪ੍ਰਤੀਕ ਹੈ ਤਾਂ ਦੂਸਰੇ ਸਿਰੇ ਰਾਜਸੀ ਸੱਤਾ ਦੀ। ਇਉਂ ਇਹ ਮੀਰੀ ਤੇ ਪੀਰੀ ਦੋਹਾਂ ਦਾ ਚਿੰਨ੍ਹ ਹੈ।

ਈਸਾਈ ਧਰਮ ਵਿਚ ਵੀ ਦੋ ਪ੍ਰਤੀਕਾਤਮਕ ਤਲਵਾਰਾਂ ਦਾ ਜ਼ਿਕਰ ਹੈ:

And they said, Lord here are two swords,
And he seith into them, it is enough. —Luke XXii. 38,

'ਦੇਗ-ਤੇਗ' ਖ਼ਾਲਸੇ ਨੂੰ ਵਾਹਿਗੁਰੂ ਦੀ ਬਖਸ਼ੀਸ਼ ਹੈ—ਉਸ ਤਰ੍ਹਾਂ ਦੀ ਬਖ਼ਸ਼ੀਸ਼ ਜੈਸੀ ਕਿਸੇ ਜੇਤੂ ਸੈਨਾਪਤੀ ਨੂੰ ਬਾਦਸ਼ਾਹ ਵਲੋਂ ਜਾਗੀਰ ਤੇ ਤਲਵਾਰ ਮਿਲਣ ਦੀ ਹੋਂਦੀ ਹੈ। ਐਸੀ ਬਖ਼ਸ਼ਿਸ਼ ਉਸ ਦੀ ਕਾਮਯਾਬੀ (ਫ਼ਤਹ) ਦੀ ਪ੍ਰਵਾਨਗੀ ਵੀ ਹੈ, ਫ਼ਰਜ਼ ਦੀ ਚੇਤਾਉਨੀ ਵੀ, ਤੇ ਭਵਿੱਖ ਦੀਆਂ ਜਿੱਤਾਂ ਲਈ ਪ੍ਰੇਰਨਾ ਵੀ। ਖ਼ਾਲਸਾ ਜੀ ਵੀ ਆਪਣੇ ਫਰਜ਼ਾਂ ਉਪਰ ਸਹੀ ਪਹਿਰਾ ਤਾਂ ਹੀ ਦੇ ਸਕਦੇ ਹਨ ਜੇਕਰ ਉਨ੍ਹਾਂ ਪਾਸ ਦੇਗ ਤੇ ਤੇਗ ਦੋਵੇਂ ਹੋਣ। ਉਨ੍ਹਾਂ ਦੇ ਮੁਖ ਉੱਦੇਸ਼——ਵਾਹਿਗੁਰੂ ਜੀ ਕੀ ਫ਼ਤਹ, ਪੰਥ ਕੀ ਜੀਤ, ਸਰਬੱਤ ਕਾ ਭਲਾ, ਆਦਿ——ਦੇਗ ਤੇਗ ਦੇ ਸੁਮੇਲ ਤੋਂ ਹੀ ਪੂਰੇ ਹੋ ਸਕਦੇ ਹਨ। ਇਸੇ ਲਈ ਉਨ੍ਹਾਂ ਦੀ ਯਾਚਨਾ ਸਦਾ ਇਹ ਰਹਿੰਦੀ ਹੈ:

ਦੇਗ ਤੇਗ ਜਗ ਮਹਿ ਦੋਊ ਚਲੈ। —ਕ੍ਰਿਸ਼ਨਾਵਤਾਰ ੪੩੬, ੩,

ਦੇਗ-ਤੇਗ ਦਾ ਸੁਮੇਲ ਇਕ ਦ੍ਰਿਸ਼ਟੀਕੋਣ ਵੀ ਹੈ, ਜੀਵਨ-ਜਾਚ ਵੀ। ਇਕ ਪ੍ਰਣ ਵੀ ਹੈ ਕਿ ਅਸੀਂ ਦੇਗ ਛਕਣ ਦੇ ਅਧਿਕਾਰੀ ਬਣੇ ਰਹਿਣ ਲਈ ਉਸ ਵੰਗਾਰ ਵਲੋਂ ਸਚੇਤ ਰਹਾਂਗੇ ਜਿਸ ਲਈ ਸਾਨੂੰ ਤੇਗ ਧਾਰਨ ਕਰਾਈ ਗਈ ਹੈ। ਦੇਗ ਤੇ ਤੇਗ ਦੇ ਆਦਰਸ਼ਾਂ ਦਾ ਸਫਲ ਹੋਣਾ ਹੀ ਦੇਗ ਤੇਗ ਫ਼ਤਹ ਹੈ।

ਦੇਗ ਪ੍ਰਭੂ ਦਾ ਪ੍ਰਸਾਦਿ ਹੈ। ਇਸ ਨੂੰ ਤੇਗ ਨਾਲ ਛੁਹਾ ਕੇ ਅਸੀਂ ਨ-ਕੇਵਲ 'ਸ੍ਰੀ ਅਸਿਕੇਤ' ਦੀ ਪ੍ਰਵਾਨਗੀ ਹੀ ਪ੍ਰਾਪਤ ਕਰਦੇ ਹਾਂ, ਸਗੋਂ ਇਹ ਪ੍ਰਣ ਵੀ ਲੈਂਦੇ ਹਾਂ ਕਿ ਕਿਰਪਾਨ ਭੇਟ ਕੀਤਾ ਹੋਇਆ ਪ੍ਰਸਾਦਿ ਪ੍ਰਾਪਤ ਕਰਕੇ ਅਸੀਂ ਕਿਰਪਾਨ ਦੇ ਬਿਰਦ ਦੀ ਲਾਜ ਪਾਲਾਂਗੇ। ਕੜਾਹ ਪ੍ਰਸ਼ਾਦ ਨੂੰ ਕਿਰਪਾਨ ਭੇਟ ਕਰਨ ਦੀ ਮਰਯਾਦਾ ਦੇਗ ਤੇਗ ਫ਼ਤਹ ਦੇ ਸੰਕਲਪ ਦਾ ਸੰਕੇਤਕ ਕਰਮ ਹੈ।

ਸਿਖ ਅਰਦਾਸ ਵਿਚ ਦੋ ਵਸਤਾਂ ਸਭ ਤੋਂ ਵਧੀਕ ਮੰਗੀਆਂ ਗਈਆਂ ਹਨ: ਇਕ ਨਾਮ ਤੇ ਦੂਸਰੇ ਫਤਹ। ਦੋਨਾਂ ਦਾ ਸੰਬੰਧ ਚੜ੍ਹਦੀ ਕਲਾ ਨਾਲ ਹੈ। ਨਾਮ, ਜੋ ਚੜ੍ਹਦੀ ਕਲਾ ਦੀ ਕੁੰਜੀ ਹੈ, ਸਭ ਦਾਨਾਂ ਦਾ ਸ਼ਰੋਮਣੀ ਦਾਨ ਹੈ—ਇਸੇ ਨੂੰ 'ਦਾਨਾਂ ਸਿਰ ਦਾਨ' ਆਖਿਆ ਹੈ। ਇਸ ਲਈ ਫ਼ਤਹ ਨਾਮ ਦੇ ਹੀ ਆਸਰੇ ਹੈ। ਫ਼ਤਹ ਤਿੰਨ ਪੱਧਰਾਂ ਦੀ ਹੈ: ਦੇਗ ਤੇਗ ਦੀ, ਪੰਥ ਦੀ, ਵਾਹਿਗੁਰੂ ਜੀ ਦੀ। ਦੇਗ ਤੇਗ ਦੀ ਫ਼ਤਹ, ਪੰਥ ਕੀ ਜੀਤ ਦੇ ਹਿਤ ਲਈ ਹੈ; ਤੇ ਪੰਥ ਕੀ ਜੀਤ, ਵਾਹਿਗੁਰੂ ਜੀ ਦੀ ਫ਼ਤਹ ਦੇ ਨਮਿਤ।

---

੧. ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ। —ਸਲੋਕ ਮ: ੯ (੧੪੨੯/੬)
੨. ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ। —ਸਲੋਕ ਮ: ੯ (੧੪੨੯/੭)
੩. ਸਸਤ੍ਰਨ ਕੇ ਅਧੀਨ ਹੈ ਰਾਜ। —ਸੁਖਾ ਸਿੰਘ, ਗੁਰ ਬਿਲਾਸ
੪. ਇਸ ਕਥਨ ਵਿਚ ਜਿਨ੍ਹਾਂ ਦੋ ਤਲਵਾਰਾਂ ਵਲ ਸੰਕੇਤ ਹੈ ਉਹ ਆਤਮਾ (sword of the spirit) ਤੇ ਬਿਬੇਕ (sword of the intellect) ਦੀਆਂ ਤਲਵਾਰਾਂ ਮੰਨੀਆਂ ਗਈਆਂ ਹਨ।



www.AKJ.Org

# ਭਾਈ ਗੁਰਬਖਸ਼ ਸਿੰਘ ਜੀ ਕਮਾਲਪੁਰਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

## (ਲੜੀ ਜੋੜਨ ਲਈ ਵੇਖੋ 'ਸੂਰਾ' ਨਵੰਬਰ ੧੯੯੨)

ਦੂਜੇ ਦਿਨ ਲੁਧਿਆਣੇ ਖ਼ਾਲਸਾ ਹਾਈ ਸਕੂਲ ਦੇ ਗੁਰਦਵਾਰੇ ਵਿਖੇ ਸਾਰੀ ਸੰਗਤ ਆਇ ਜੁੜੀ। ਨਾ ਕੇਵਲ ਖ਼ਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੰਗਤ ਜੁੜੀ, ਬਲਕਿ ਲੁਧਿਆਣੇ ਦੇ ਹੋਰਨਾਂ ਆਸ੍ਰਮਾਂ ਦੇ ਸਿਖ ਵਿਦਿਆਰਥੀ ਅਤੇ ਅਧਿਆਪਕ ਵੀ ਆ ਜੁੜੇ । ਮਾਲਵਾ ਖ਼ਾਲਸਾ ਹਾਈ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਾਰੇ ਸਿਖ ਮੈਂਬਰ ਵੀ ਚਾਇ ਚਾਈਲੇ ਹੋ ਕੇ ਆਣ ਢੁਠੇ । ਏਧਰੋਂ ਅਸੀਂ ਪਟਿਆਲੇ ਤੋਂ ਮਰਜੀਵੜੇ ਸੱਜਣ ਗੁਰਬਖਸ਼ ਸਿੰਘ ਜੀ ਹੋਰਾਂ ਨੂੰ ਨਾਲ ਲੈ ਕੇ ਲੁਧਿਆਣੇ ਰੇਲਵੇ ਸਟੇਸ਼ਨ ਤੇ ਆ ਉਤਰੇ। ਉਤਰਨ ਸਾਰ ਸਾਨੂੰ ਪਤਾ ਲਗਾ, ਕਿ ਖਾਲਸਾ ਹਾਈ ਸਕੂਲ ਦੇ ਗੁਰਦਵਾਰੇ ਵਿਖੇ ਸਾਰੀ ਸੰਗਤ ਆਇ ਜੁੜੀ ਹੈ, ਜਿਹੜੀ ਸਾਡਾ ਰਾਹ ਤਕ ਰਹੀ ਹੈ। ਪ੍ਰੇਮ-ਰੰਗੀ ਮੌਜ ਦੀਆਂ ਲਟਕਾਂ ਵਿਚ ਭਾਈ ਗੁਰਬਖਸ਼ ਸਿੰਘ ਜੀ ਨੂੰ ਨਾਲ ਲੈ ਕੇ ਅਸੀਂ ਸਟੇਸ਼ਨ ਤੋਂ ਜੁੜੀ ਸੰਗਤ ਦੇ ਮਜਮੇ ਵਾਲੀ ਸੰਗਤ ਵਲ ਧਾਈ ਕਰਕੇ ਜਾ ਰਹੇ ਹਾਂ ਕਿ ਅਧਵਾਟੇ ਵਿਚ ਜਾ ਕੇ, ਤੁਰੇ ਜਾਂਦਿਆਂ ਦੀ ਜਦੋਂ ਸਾਡੀ ਅੱਖ ਉਘੜੀ, ਤਾਂ ਕੀ ਦੇਖਦੇ ਹਾਂ ਕਿ ਵੀਰ ਗੁਰਬਖਸ਼ ਸਿੰਘ ਜੀ ਹੀ ਵਿਚ ਹੈ ਨਹੀਂ । ਹੈਰਾਨ ਸਾਂ ਕਿ ਕੀ ਸੁਗਾਤ ਜਾ ਕੇ ਹਾਜ਼ਰ ਕਰਾਂਗੇ । ਸਾਡੀ ਹੈਰਾਨੀ ਪ੍ਰੇਸ਼ਾਨੀ ਦੇਖ ਕੇ ਮੋਗਾ ਨਿਵਾਸੀ ਸਿਰੀ ਅਵਧੂਤ ਭਾਈ ਆਤਮਾ ਸਿੰਘ ਜੀ ਬੋਲ ਉਠੇ, "ਹੈਰਾਨ ਪ੍ਰੇਸ਼ਾਨ ਹੋਣ ਦੀ ਕੀ ਗੱਲ ਹੈ, ਹੁਣੇ ਹੀ ਗੁਪਤ ਉਡਾਰੀ ਮਾਰ ਗਏ ਗੁਰਮੁਖ ਪਿਆਰੇ ਗੁਰਬਖ਼ਸ਼ ਸਿੰਘ ਜੀ ਅਗੰਮ ਤੋਂ ਆ ਉਤਰਨਗੇ।" ਗੁਰਮੁਖ ਵੀਰ ਸਿਰੀ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ 'ਅਵਧੂਤ ਜੀ' ਉਨ੍ਹਾਂ ਦਿਨਾਂ ਵਿਚ ਬੜੀ ਹੀ ਆਤਮ-ਪ੍ਰਮਾਤਮੀ ਰੰਗਾਂ ਵਾਲੀ ਕਲਾ ਵਿਚ ਖੇਡ ਰਹੇ ਸਨ। ਉਨ੍ਹਾਂ ਦੇ ਨਾਮ-ਰੰਗਾਂ ਦੇ ਤੁਫ਼ੈਲ ਰਿਧੀ ਸਿਧੀ ਤਾਂ ਭਾਈ ਆਤਮਾ ਸਿੰਘ ਜੀ ਦੇ ਬਾਵੇਂ ਅੰਗ ਖੇਡ ਰਹੀ ਸੀ। ਅਸੀਂ ਬੜੀ ਬਿਹਬਲਤਾ ਸਹਿਤ ਸਿਰੀ ਭਾਈ ਆਤਮਾ ਸਿੰਘ ਜੀ ਦੇ ਚੇਹਰੇ ਵਲ ਝਾਕੇ ਤੇ ਅੰਤਰਗਤੀ ਬੇਨਤੀ ਕੀਤੀ ਕਿ ਝਾਤੀ ਮਾਰੋ, ਝਾਤੀ ਮਾਰ ਕੇ ਪਤਾ ਕਰੋ ਕਿ ਭਾਈ ਗੁਰਬਖ਼ਸ਼ ਸਿੰਘ ਜੀ ਕਿਥ ਚਲੇ ਗਏ ਹਨ। ਆਗਿਆ ਪਾਲਕ ਅਵਧੂਤ ਜੀ ਨੇ ਬੜੀ ਗੁਰਮੁਖਤਾ ਸਹਿਤ ਇਕ ਦੋ ਮਿੰਟ ਲਈ ਖੜੇ ਖੜੋਤੇ ਹੀ ਸਮਾਧੀ-ਸਥਿਤ ਹੋ ਕੇ ਬੜੀ ਦ੍ਰਿੜ੍ਹਤਾ ਸਹਿਤ ਉੱਤਰ ਦਿੱਤਾ ਕਿ ਵੀਰ ਗੁਰਬਖ਼ਸ਼ ਸਿੰਘ ਜੀ ਇਕ ਦਰਿਆ ਦੇ ਕਿਨਾਰੇ ਇਕ ਸਰਕੜੇ ਦੇ ਬੂਝੇ ਪਾਸ ਤਾੜੀ ਲਾਈ ਬੈਠੇ ਹਨ, ਮੈਂ ਹੁਣੇ ਜਾ ਕੇ ਉਨ੍ਹਾਂ ਨੂੰ ਲੈ ਆਉਂਦਾ ਹਾਂ। ਉਹ ਤੁਰਤੇ ਫੁਰਤੀ ਚਲ ਗਏ, ਅਸੀਂ ਉਥੇ ਹੀ ਆਤਮ-ਰੰਗਾਂ ਵਿਚ ਗੜੂਦ ਹੋਏ ਖੜਤੇ ਰਹੇ। ਜਦੋਂ ਅੱਖ ਉਘੜੀ ਤਾਂ ਪਤਾ ਲਗਾ ਕਿ ਭਾਈ ਆਤਮਾ ਸਿੰਘ ਜੀ ਗੁਰਮੁਖ ਪਿਆਰੇ ਗੁਰਬਖਸ਼ ਸਿੰਘ ਜੀ ਨੂੰ ਨਾਲ ਲਈ ਆ ਰਹੇ ਹਨ। ਫੇਰ ਜਫੀਆਂ ਪਾ ਕੇ ਮਿਲੇ, ਏਵੇਂ ਜਿਵੇਂ ਚਿਰਾਂ ਦੇ ਵਿਛੜੇ ਮਿਲੇ ਹੁੰਦੇ ਹਨ। ਕੰਘੀਆਂ ਪਾ ਕੇ ਫੇਰ ਗੁਰਦਵਾਰੇ ਦੀ ਜੁੜੀ ਸੰਗਤ ਵਲ ਨੂੰ ਸਾਰੇ ਤੁਰ ਪਏ।

ਅਗੇ ਕੀ ਦੇਖਦੇ ਹਾਂ ਕਿ ਗੁਰਦਵਾਰੇ ਸਾਰੀ ਸੰਗਤ ਜੁੜੀ ਬਠੀ ਹੈ ਅਤੇ ਕੀਰਤਨ ਕਰ ਰਹੀ ਹੈ। ਅਸੀਂ ਵੀ ਏਧਰੋਂ ਕੀਰਤਨ ਕਰਦੇ ਗਏ, ਵੀਰ ਗੁਰਬਖਸ਼ ਸਿੰਘ ਜੀ ਸਭ ਤੋਂ ਮੂਹਰੇ ਸਨ, ਬੜੇ ਹੀ ਆਤਮ-ਤਰੰਗੀ ਮੌਜਾਂ ਵਿਚ ਕੀਰਤਨ-ਧੁਨੀਆਂ ਦੀਆਂ ਆਤਮ-ਧੁਨਾਂ ਗੁੰਜਾ ਰਹੇ ਸਨ; ਸੀਸ ਉਤੇ ਕਾਲਾ ਦੁਮਾਲਾ ਸਜਾਇਆ ਹੋਇਆ, ਆਸਨ ਦੀ ਬੁਕਲ ਮਾਰੀ ਹੋਈ, ਤੇੜ ਕਛਹਿਰਾ ਹੀ ਕਛਹਿਰਾ, ਪਜਾਮਾ ਕੋਈ ਨਹੀਂ। ਚੱਕਰ ਕ੍ਰਿਪਾਨਾਂ ਆਦਿਕ ਸ਼ਸਤਰਾਂ ਨਾਲ ਸਜੇ ਹੋਏ, ਉਸ ਸਿਧੇ ਸਾਦੇ, ਸਾਦ ਮੁਰਾਦੇ ਗੁਰਮੁਖ ਵੇਸ ਵਿਚ ਪਿਆਰੇ ਗੁਰਬਖਸ਼ ਸਿੰਘ ਸਾਰੀ ਸ੍ਰਿਸ਼ਟੀ ਦੇ ਚੱਕਰਵਰਤੀ ਰਾਜੇ ਪ੍ਰਤੀਤ ਹੁੰਦੇ ਸਨ। ਚਿਹਰੇ ਉਤੇ ਉਹ ਜੁਲ-ਜੁਲਾਲੀ ਜਮਾਲ ਆਇਆ ਹੋਇਆ ਕਿ ਦੇਖਣਹਾਰਿਆਂ ਤੋਂ ਝਲਿਆ ਨ ਜਾਵੇ । ਸਰੀਰ ਦੀ ਰੂਪ-ਕਰਾਂਤੀ ਦਗ-ਦਗਾ ਰਹੀ ਸੀ, ਬਾਲੜੀ ਆਯੂ



www.AKJ.Org

ਅਵਸਥਾ, ਅਜੇ ਦਾੜ੍ਹੇ ਦੀ ਲੂਈਂ ਵੀ ਨਹੀਂ ਫੁਟੀ ਸੀ, ਅੱਖਾਂ ਮੀਟੀਆਂ ਹੋਈਆਂ, ਅਗੰਮੀ ਨਾਮ ਦੇ ਨਸ਼ੇ ਚੜ੍ਹੇ ਹੋਏ, ਜੁੜੀ ਸੰਗਤ ਵਿਚ ਪ੍ਰਕਾਸ਼ਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਰਭਾਗ ਧੜੱਮ ਕਰਕੇ ਡੰਡਉਤ ਪਰਨੇ ਡਿਗ ਕੇ ਜਾ ਮੱਥਾ ਟੇਕਿਆ। ਸਾਵਧਾਨ ਹੋਣ ਸਾਰ ਗੁਰ-ਸ਼ਬਦ ਦੀ ਕੀਰਤਨ-ਧੁਨੀ ਐਸੀ ਦਿਲ-ਚੀਰਵੀਂ ਲੈਅ ਵਿਚ ਗੂੰਜਾਈ ਕਿ ਸਾਰੀ ਜੁੜੀ ਹੋਈ ਸੰਗਤ ਅਜ਼-ਬਸ ਹੋ ਕੇ ਝੂਮਣ ਤੇ ਝੂਲਣ ਲਗ ਪਈ। ਇਕ ਪਾਸੇ ਵੀਰ ਗੁਰਬਖ਼ਸ਼ ਸਿੰਘ ਨਾਲ ਜੁੜ ਕੇ ਅਸੀਂ ਸ਼ਬਦ ਪੜ੍ਹੀਏ, ਦੂਜੇ ਪਾਸੇ ਸਾਰੀ ਸੰਗਤ ਪੜ੍ਹੇ। ਇਹ ਜੋਟੀਆਂ ਦਾ ਸ਼ਬਦ ਸਮਾਪਤ ਹੋਣ ਦੀ ਦੇਰ ਹੀ ਸੀ ਕਿ ਸੰਗਤ ਵਿਚ ਜੁੜੇ ਹੋਏ ਅਨੇਕਾਂ ਵਿਦਿਆਰਥੀ ਅੰਮ੍ਰਿਤ ਛਕਣ ਦੇ ਅਭਿਲਾਖੀ ਹੋ ਕੇ ਜੋਦੜੀਆਂ ਕਰਦੇ ਉਠ ਖੜੇ ਹੋਏ ਅਤੇ ਉਠ ਕੇ ਜੋਦੜੀਆਂ ਕਰਨ ਲਗੇ। ਖਾਲਸਾ ਹਾਈ ਸਕੂਲ ਦੇ ਸੈਕੰਡ-ਮਾਸਟਰ ਸਿਰੀ ਭਾਈ ਹਰਿਭਗਤ ਸਿੰਘ ਜੀ ਨੇ ਐਨ ਉਸ ਸਮੇਂ ਸਾਰੀ ਸੰਗਤ ਵਿਚ ਉਠ ਕੇ ਐਲਾਨ ਕਰ ਦਿਤਾ, ਕਿ ਕੱਲ੍ਹ ਨੂੰ ਦੂਜੇ ਦਿਨ ਹੀ ਉਨ੍ਹਾਂ ਦੇ ਗ੍ਰਿਹਿ ਵਿਖੇ ਅਖੰਡ ਪਾਠ ਅਰੰਭ ਹੋ ਕੇ ਉਸ ਦੀ ਸਮਾਪਤੀ ਪਰ ਉਥੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਜਾਵੇਗਾ, ਸਾਰੀ ਸੰਗਤ ਤੇ ਖ਼ਾਸ ਕਰ ਅੰਮ੍ਰਿਤ-ਅਭਿਲਾਖੀ ਆ ਹਾਜ਼ਰ ਹੋਵਣ।

ਅਖੰਡ ਪਾਠ ਅਰੰਭ ਹੋ ਗਿਆ ਸੈਕੰਡ ਮਾਸਟਰ ਦੇ ਘਰ। ਆਸਾਵੰਤਿਆਂ ਦੀ ਇਹ ਆਸਾ ਭਾਵਨੀ ਸੀ ਕਿ ਇਸ ਸਾਰੇ ਸਮਾਗਮ ਵਿਚ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ, ਪਿਆਰੇ ਪਿਆਰਾ ਸਿੰਘ ਜੀ, ਸਿਰੀ ਭਾਈ ਹਰਿਬਚਨ ਸਿੰਘ 'ਦੂਲੇਸ਼ਰ' ਜ਼ਰੂਰ ਆ ਸ਼ਾਮਲ ਹੋਣ। ਸੋ ਅਜੇ ਸ੍ਰੀ ਅਖੰਡ ਪਾਠ ਨਮਿਤ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਹੀ ਹੋਇਆ ਸੀ, ਕਿ ਉਕਤ ਤਿੰਨੇ ਗੁਰਮੁਖ ਜਨ ਇਕ ਅਗੰਮੀ ਖਿੱਚ ਨਾਲ ਅੰਬਾਲੇ ਛਾਉਣੀ ਤੋਂ ਆ ਸ਼ਾਮਲ ਹੋਏ। ਸੰਤ ਹੀਰਾ ਸਿੰਘ ਜੀ ਦਾਊਦਪੁਰ ਵਾਲੇ ਭੀ ਕਿਧਰੋਂ ਅਗੰਮੋਂ ਹੀ ਆ ਜੁੜੇ। ਉਧਰੋਂ ਪਟਿਆਲੇ ਤੋਂ ਗੁਰਮੁਖ ਪਿਆਰੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਵੀ ਆਣ ਦੀਦਾਰ-ਪਜ਼ੀਰ ਹੋਏ। ਸੱਤੇਂ ਦਾ ਸਾਹਾ ਜੁੜ ਗਿਆ। ਖ਼ੂਬ ਅਖੰਡ ਕੀਰਤਨ ਹੋਏ। ਅਖੰਡ ਕੀਰਤਨ ਆਸਾ ਜੀ ਦੀ ਵਾਰ ਦੇ ਭੋਗ ਪਏ ਤੇ ਅਖੰਡ ਪਾਠ ਅਰੰਭ ਹੋਇਆ, ਪਹਿਲੇ ਅਖੰਡ ਪਾਠਾਂ ਦੀ ਮਾਹੀਅਤ ਵਿਚ ਹੀ ਅਰੰਭ ਹੋਇਆ। ਆਦਿ, ਮਧਿ, ਅੰਤ, ਹਰ ਸਮੇਂ ਹੀ ਸਰੋਤੇ ਜਨਾਂ ਦੀ ਸੰਗਤ ਢਕੋ ਢਕ ਜੁੜੀ ਰਹੀ, ਖ਼ਾਸ ਕਰ ਜਦੋਂ ਸੁਥਰੀਸ਼ਰ ਭਾਈ ਗੁਰਬਖ਼ਸ਼ ਸਿੰਘ ਜੀ ਦੀ ਰੌਲ ਸ੍ਰੀ ਅਖੰਡ ਪਾਠ ਦੀ ਆਵੇ, ਉਦੋਂ ਤਾਂ ਪ੍ਰੇਮੀ ਸਰੋਤੇ ਜਨਾਂ ਦੇ ਸਮੂਹ ਸਮੁਦਾਇ ਦਾ ਇਕ ਝੂਲਦੀਆਂ ਲਹਿਰਾਂ ਵਾਲਾ ਸਮੁੰਦਰ ਠਾਠਾਂ ਮਾਰਨ ਲਗ ਪਵੇ। ਅੰਮ੍ਰਿਤ-ਅਭਿਲਾਖੀ ਜਨ ਤਾਂ ਐਸੇ ਉਮਾਹੇ ਉਮਡਾਏ ਹੋਏ ਸਨ, ਕਿ ਮੁਢ ਤੋਂ ਸਮਾਧ-ਸਥਿਤ ਜੁੜ ਕੇ ਡਟ ਗਏ ਅਤੇ ਫੇਰ ਉਠੇ ਹੀ ਨਹੀਂ। ਅਖੰਡ ਪਾਠ ਸਮਾਪਤ ਹੋਣ ਪਰ ਅਖੰਡ ਕੀਰਤਨ ਫੇਰ ਅਰੰਭ ਹੋ ਗਿਆ ਅਤੇ ਅਖੰਡ ਕੀਰਤਨ ਦੇ ਭੋਗ ਦੀ ਸਮਾਪਤੀ ਪਰ ਉਸ ਮੰਡਲ ਅੰਦਰ ਪੰਜੇ ਪਿਆਰੇ ਅਤੇ ਅੰਮ੍ਰਿਤ-ਅਭਿਲਾਖੀ ਜਨ ਹੀ ਰਹਿ ਗਏ। ਹੋਰ ਸਾਰੀ ਸੰਗਤ ਬਾਹਰ ਪਧਾਰ ਗਈ।

ਅੰਮ੍ਰਿਤ-ਭਿੰਨੜੀ-ਇਸ਼ਕ-ਲਹਿਰ ਵਾਲੇ ਗੁਰਮੁਖ ਪਿਆਰੇ ਨਵ-ਬਾਲੜੇ, ਸਭਨਾਂ ਦੇ ਅਜ਼ੀਜ਼ ਅਤੇ ਸਭਨਾਂ ਦੀਆਂ ਅੱਖੀਆਂ ਦੇ ਤਾਰੇ ਭਾਈ ਗੁਰਬਖ਼ਸ਼ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਚੌਰ-ਬਰਦਾਰ ਹੋ ਕੇ ਲਿਸ਼ਕਾਰੇ ਮਾਰਨ ਲਗੇ। ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਗਰਭਾਗ ਪੰਜੇ ਪਿਆਰੇ ਅੰਮ੍ਰਿਤ-ਸੰਚਾਰ ਦੀ ਸਾਰੀ ਸਮੱਗਰੀ ਲਈ ਤਿਆਰ-ਬਰ-ਤਿਆਰ ਹੋਏ ਬੈਠੇ ਹਨ। ਦੂਜੇ ਕਮਰੇ ਵਿਚ ਕੋਈ ਡੇਢ ਸੌ ਦੇ ਕਰੀਬ ਅੰਮ੍ਰਿਤ-ਅਭਿਲਾਖੀ ਜਨ ਅੰਮ੍ਰਿਤ-ਬੂੰਦ ਦੇ ਪਿਆਸੇ ਹੋ ਕੇ ਉਡਨਵਾਨ ਹੋ ਕੇ ਖਲੋਤੇ ਹਨ। ਇਕ ਇਕ ਕਰਕੇ ਉਨ੍ਹਾਂ ਅੰਮ੍ਰਿਤ-ਅਭਿਲਾਖੀਆਂ ਵਿਚੋਂ ਪੰਜਾਂ ਪਿਆਰਿਆਂ ਦੇ ਪੇਸ਼ ਹੋਇਆ। ਜੋ ਆਵੇ, ਉਸ ਦੀ ਇਕ-ਟਕ ਨਜ਼ਰ ਗੁਰੂ ਸਾਹਿਬ ਦੇ ਤਾਬੇ ਬੈਠੇ ਰਾਜ ਦੁਲਾਰੇ ਵਲ ਜਾਵੇ। ਸੋਧ ਸੁਧਾਈ ਅਰੰਭ ਹੋਈ, ਡੇਢ ਸੌ ਅਭਿਲਾਖੀਆਂ ਵਿਚੋਂ ਕੇਵਲ ੩੯ ਹੀ ਪਾਸ ਹੋਏ, ਬਾਕੀਆਂ ਵਾਸਤੇ ਫੇਰ ਸਮਾਂ ਨੀਯਤ ਹੋਇਆ। ਅਜੇ ਉਨ੍ਹਾਂ ਦੀ ਤੜਫ ਹੋਰ ਵਧਣ ਦਿਤੀ ਜਾਵੇ। ੩੯ ਅੰਮ੍ਰਿਤ-ਅਭਿਲਾਖੀਆਂ ਦੇ ਨਿਤਰੇ ਪੂਰ ਵਿਚੋਂ ਕਈ-ਇਕ ਨਿਖਰਵੇਂ ਸਜਣਾਂ ਦੇ ਨਾਮ



www.AKJ.Org

ਜੋ ਯਾਦ ਹਨ, ਸੋ ਲਿਖੇ ਜਾਂਦੇ ਹਨ :

(੧) ਸਿਰੀ ਭਾਈ ਇਕਬਾਲ ਸਿੰਘ ਪਿੰਡ ਬੋਪਾਰਾਇ (ਲੁਧਿਆਣਾ), (੨) ਸਿਰੀ ਭਾ: ਪ੍ਰਧਾਨ ਸਿੰਘ ਪਿੰਡ ਜੰਡੀ (ਲੁਧਿਆਣਾ), (੩) ਸਿਰੀ ਭਾਈ ਕੇਹਰ ਸਿੰਘ, (੪) ਸਿਰੀ ਭਾਈ ਸੁੰਦਰ ਸਿੰਘ ਘੁਮਾਣ(ਲੁਧਿਆਣਾ), (੫) ਸਿਰੀ ਭਾਈ ਨਿਕੜੇ ਵੀਰ ਸੰਤਾ ਸਿੰਘ 'ਮੂਸਾਪੁਰੀਏ' (ਜ਼ਿਲਾ ਜਲੰਧਰ), (੬) ਸਿਰੀ ਭਾਈ ਨਿਰਭੈ ਸਿੰਘ ਜੀ ਲਲਤੋਂ ਵਾਲੇ, ਆਦਿ ਪ੍ਰੇਮੀ ਜਨਾਂ ਦਾ ਜੁੜਵਾਂ ਜੁਟ ਸੀ। ਇਨ੍ਹਾਂ ਦਵਾਰਾ ਫਰ ਹੋਰ ਪੂਰਾਂ ਦੇ ਪੂਰ ਤਿਆਰ ਹੋਏ।

ਖਾਲਸਾ ਹਾਈ ਸਕੂਲ ਲੁਧਿਆਣਾ ਵਿਖੇ ਇਸ ਬਿਧਿ ਅਮਰ ਜੀਵੜੇ ਭੁਜੰਗੀ ਜਨਾਂ ਦੇ ਪੂਰਾਂ ਦੇ ਪੂਰ ਤਿਆਰ ਹੋ ਗਏ। ਸਾਰੇ ਹੀ ਕੀਰਤਨੀ ਜਨ ਹਨ, ਸਾਰੇ ਨਿਤਨੇਮੀ ਪ੍ਰੇਮੀ ਹਨ, ਗੁਰਮੁਖ ਪਿਆਰਿਆਂ ਦੀ ਰਹਿਤ ਬਹਿਤ ਵਿਚ ਸਾਰੇ ਹੀ ਤਤਪਰ ਹਨ। ਕਮਾਂ ਤੇ ਸਕੂਲ ਦੀ ਪੜ੍ਹਾਈਆਂ ਤੋਂ ਸਰੇਸ਼ਟ ਤੇ ਮੁਖੀ ਕਮ ਸਮਝ ਕੇ ਸਾਰੇ ਹੀ ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸੌਚ ਇਸ਼ਨਾਨ ਕਰਦੇ ਹਨ ਅਤੇ ਗੁਰਦੁਆਰੇ ਵਿਖੇ ਜੁੜ ਕੇ ਨਿਤਨੇਮ ਬਾਣੀਆਂ ਦੀਆਂ ਪ੍ਰੇਮ-ਧੁਨੀਆਂ ਧੁਨਾਵਣ ਪਸਚਾਤ ਨਿਤਾਪ੍ਰਤਿ ਸਿਰੀ ਆਸਾ ਜੀ ਦੀ ਵਾਰ ਦੇ ਅਖੰਡ ਕੀਰਤਨ ਕਰਦੇ ਹਨ। ਫੇਰ ਰਹਿੰਦਾ ਸਮਾਂ ਪੜ੍ਹਾਈਆਂ ਵਿਚ ਦਿੰਦੇ ਹਨ। ਸਕੂਲ ਦੀਆਂ ਜਮਾਤਾਂ ਵਿਚ ਜਾ ਕੇ ਬਰਾਏ-ਨਾਮ ਬੈਠੇ ਰਹਿੰਦੇ ਹਨ। ਚਿਤ ਬਿਰਤੀ ਨਿਰੰਕਾਰ ਦੀ ਯਾਦ ਵਿਚ ਸਭ ਦੀ ਅਰੂੜ੍ਹ ਰਹਿੰਦੀ ਹੈ। ਉਪਰੋਂ ਉਪਰੋਂ ਸਕੂਲ-ਪੜ੍ਹਾਈਆਂ ਦਾ ਠਾਠਾ ਬਾਗਾ ਵੀ ਕਰਦੇ ਹਨ, ਗੁਰਮੁਖ ਜਨ ਸਕੂਲ-ਮਾਸਟਰ ਬੜੀਆਂ ਫ਼ਿਕਰ-ਚਿੰਤਾਵਾਂ ਵਿਚ ਪੈਂਦੇ ਹਨ ਕਿ ਇਨ੍ਹਾਂ ਬਾਲਕਾਂ ਦਾ ਜੀਵਨਾ ਪੜ੍ਹੀਵਨਾ ਕੈਸੇ ਤੋੜ ਨਿਭੇਗਾ। ਗੁਰੂ ਦੀ ਨੇਤ ਐਸੀ ਹੋਈ ਕਿ ਸਕੂਲ ਦੇ ਸਾਲਾਨਾ ਇਮਤਿਹਾਨਾਂ ਵਿਚ ਇਹ ਸਾਰੇ ਦੇ ਸਾਰੇ ਗੁਰਮੁਖ ਭੁਜੰਗੀ ਸਭ ਤੋਂ ਚੰਗੇ ਨੰਬਰਾਂ ਵਿਚ ਪਾਸ ਹੋਏ। ਪ੍ਰੰਤੂ ਨੁਕਤਾਚੀਨਾਂ ਦੀ ਦੰਦ-ਕਥਾ ਫੇਰ ਵੀ ਨਹੀਂ ਜਾਂਦੀ, ਕਿਉਂਕਿ ਇਹ ਸਾਰੇ ਅੰਮ੍ਰਿਤਧਾਰੀ ਭੁਜੰਗੀ ਗਾਤਰੇ ਦੀਆਂ ਕ੍ਰਿਪਾਨਾਂ ਲਾ ਕੇ ਸਕੂਲੇ ਜਾਂਦੇ ਸਨ। ਉਨ੍ਹੀਂ ਦਿਨੀਂ ਗਾਤਰੇ ਵਾਲੀ ਕ੍ਰਿਪਾਨ ਲਾ ਕੇ ਸਕੂਲੇ ਜਾਣਾ ਵੀ ਬੜਾ ਜੁਰਮ ਸਮਝਿਆ ਜਾਂਦਾ ਸੀ। ਇਨ੍ਹਾਂ ਭੁਜੰਗੀਆਂ ਨੂੰ ਤਾਂ ਸ਼ਸਤਰ ਬਸਤਰ ਸਜਾ ਕੇ ਸਕੂਲੇ ਜਾਣ ਦੀ ਐਸੀ ਚੋਪ ਪਈ ਹੋਈ ਸੀ ਕਿ ਕਿਸੇ ਦੀ ਭੀ ਉਨ੍ਹਾਂ ਨੂੰ ਹਟਾਂਵਣ ਦੀ ਜੁਰਅਤ ਨਹੀਂ ਹੁੰਦੀ ਸੀ। ਸਭੇ ਪ੍ਰਬੰਧਕ ਜਨ ਸਕੂਲ ਦੇ ਹਮਦਰਦ ਸਦਾਵਣ ਵਾਲੇ ਨੇਤਾ ਜਨ ਇਹੀ ਆਖਣ ਪਾਖਣ ਕਿ ਭਾਈ ਗੁਰਬਖ਼ਸ਼ ਸਿੰਘ ਮੁੜ ਕੇ ਸਕੂਲੇ ਕਾਹਦਾ ਲਿਆਂਦਾ, ਇਨ੍ਹਾਂ ਨੇ ਤਾਂ ਪ੍ਰਮਾਰਥੀ ਚਾਟੜਿਆਂ ਦੀ ਚਟਸਾਲ ਹੀ ਸਕੂਲ ਨੂੰ ਬਣਾ ਦਿਤਾ। ਸਚਮੁਚ ਸਾਰੇ ਵਿਦਿਆਰਥੀ ਭੀ ਵਿਗਾੜ ਦਿਤੇ।

ਭਾਈ ਪੂਰਨ ਸਿੰਘ ਜੀ 'ਜਨੇਤਪੁਰ' ਵਾਲਿਆਂ ਨੇ ਵਖਰਾ ਲੰਗਰ ਸਰਬ-ਲੋਹ ਬਿਬੇਕ ਦਾ ਆਰੰਭ ਕਰ ਦਿਤਾ, ਜਿਸ ਵਿਚ ਸਮੂਹ ਰਹਿਤ ਬਿਬੇਕ ਉਤਸ਼ਾਹੀ ਭੁਜੰਗੀ ਜਨ ਲੰਗਰ ਛਕਿਆ ਕਰਨ ਤੇ ਭਾਈ ਪੂਰਨ ਸਿੰਘ ਜੀ ਅਹਿਨਿਸੀ ਨਿਸ਼ਕਾਮ ਸੇਵਾ ਵਿਚ ਹੀ ਜੁਟੇ ਰਹਿਣ। ਉਨ੍ਹਾਂ ਨੂੰ ਤਾਂ ਸਕੂਲ ਜਾਣ ਦੀ ਵੀ ਸੁਧ ਬੁਧ ਭੁਲ ਗਈ। ਬੜੇ ਹੀ ਉਚੇ ਅਤੇ ਸਮੁਚੇ ਸਿਦਕ ਵਾਲਾ ਅੰਨ੍ਹਾ ਨਿਸਚਾ ਗੁਰਮਤਿ ਅਸੂਲਾਂ ਉਤੇ ਰਖਦੇ ਸਨ। ਅੰਨ੍ਹੇ ਨਿਸਚੇ ਦਾ ਇਹ ਭਾਵ ਨਹੀਂ ਕਿ ਅੰਧਾ ਧੁੰਧ ਹੀ ਨਿਸਚਾ ਕਰ ਬੈਠੇ ਸਨ। ਬਲਕਿ ਅੰਨ੍ਹੇ ਨਿਸਚੇ ਦਾ ਇਹ ਭਾਵ ਹੈ ਕਿ ਗੁਰਮਤਿ ਅਸੂਲਾਂ ਦੀ ਭਾਉ-ਭਾਵਨੀ ਉਤੇ ਤਤਪਰ ਹੋ ਕੇ ਲੋਹੇ ਦੀ ਲੱਠ ਵਾਂਗੂ ਤਿਨ੍ਹਾਂ ਅਸੂਲਾਂ ਉਤੇ ਤਿਆਰ-ਬਰ-ਤਿਆਰ ਰਹਿਣ ਵਾਲੇ ਇਹ ਭਾਈ ਪੂਰਨ ਸਿੰਘ ਜੀ ਸਨ। ਸਿਮਰਨ ਵਿਚ ਐਸੇ ਤਤਪਰ ਕਿ ਕਦੇ ਸੌਂਦੇ ਦਿਸਦੇ ਹੀ ਨਹੀਂ ਸਨ। ਭਾਈ ਗੁਰਬਖ਼ਸ਼ ਸਿੰਘ ਜੀ ਦੇ ਸਨਮੁਖ ਬੈਠ ਕੇ ਕੀਰਤਨ ਅਭਿਆਸ ਦਾ ਹੁਲਾਸ ਪੂਰਾ ਕਰਦੇ ਸਨ। ਅਖੰਡ ਪਾਠ ਕਰਨ ਵਿਚ ਐਸੇ ਪ੍ਰਬੀਨ ਸਨ ਕਿ ਘੰਟਿਆਂ ਬੱਧੀ ਇਕੋ ਹੀ ਉਚੀ ਤਾਰ ਤੇ ਲੈਅ ਵਿਚ ਬੜਾ ਤੇਜ਼ ਤੇ ਪੰਚਮ ਸੁਰ ਵਾਲਾ ਅਖੰਡ ਪਾਠ ਉਨ੍ਹਾਂ ਦਾ ਸੀ। ਅਖੰਡ ਪਾਠ ਕਰਦਿਆਂ ਚੇਹਰੇ ਤੇ ਲਾਲੀ ਆ ਜਾਣੀ, ਅੱਖਰ ਅੱਖਰ ਸਰੋਤੇ ਜਨਾਂ ਦੀ ਸਮਝ ਵਿਚ ਪੈਣੇ। ਅਗੇ ਇਕ ਭਾਈ ਗੁਰਬਖਸ਼ ਸਿੰਘ ਜੀ ਸਨ, ਹੁਣ ਦੋ ਅਖੰਡ ਪਾਠੀ ਜੁੜ ਕੇ ਸੋਨੇ ਤੇ ਸੁਹਾਗਾ ਬਣ ਗਿਆ। ਅਖੰਡ ਪਾਠਾਂ ਦੀ ਤਾਲ ਬਝੀ ਹੀ ਰਹਿੰਦੀ ਸੀ ਤੇ ਜਿਥੇ ਇਹ ਦੋਇ ਅਖੰਡ ਪਾਠੀ (ਭਾਈ ਗੁਰਬਖ਼ਸ਼ ਸਿੰਘ ਤੇ ਭਾਈ ਪੂਰਨ ਸਿੰਘ ਜੀ) ਜੁੜ ਜਾਂਦੇ ਸਨ, ਉਥੇ ਤੀਜੇ ਦੀ ਵਾਰੀ ਹੀ ਨਹੀਂ ਆਉਂਦੀ


www.AKJ.Org

ਸੀ। ਰੇਲਾਂ ਵੇਡਣ ਦੇ ਟੰਟੇ ਬਖੇੜੇ ਹੀ ਨਹੀਂ ਸਨ, ਅਜਿਹੇ ਇਕ ਤੋਂ ਇਕ ਚੜ੍ਹਦੇ ਦਗ-ਦਗੰਦੇ ਚੇਹਰਿਆਂ ਵਾਲੇ ਅਨੇਕਾਂ ਹੀ ਅਖੰਡ ਪਾਠੀ ਉਤਪੰਨ ਹੋ ਗਏ ਸਨ। ਸਕੂਲ ਬੋਰਡਿੰਗ ਹਾਊਸ ਦੇ ਗੁਰਦੁਆਰੇ ਵਿਖੇ ਹਰ ਦਮ ਇਹਨਾਂ ਲਟਬੌਰਿਆਂ ਦੀ ਪ੍ਰੇਮ-ਵਰ੍ਹਾਨੀ-ਪੀਂਘ ਚੜ੍ਹੀ ਹੀ ਰਹਿੰਦੀ ਸੀ।

ਉਨ੍ਹੀਂ ਦਿਨੀਂ ਇਹ ਭੁਜੰਗੀ ਸਭਾ ਬੜੀ ਹੀ ਚੜ੍ਹਦੀਆਂ ਕਲਾਂ ਵਿਚ ਸੀ। ਸਾਰੇ ਹੀ ਸਕੂਲ ਦੇ ਸਿਖ ਵਿਦਿਆਰਥੀ ਭੁਜੰਗੀ ਇਸ ਸਭਾ ਦੇ ਮੈਂਬਰ ਸਨ। ਹਰ ਸਾਲ ਦੋ ਗੁਰਪੁਰਬ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਧਾਰਨ ਦੇ ਬੜੀ ਆਨ ਸ਼ਾਨ ਨਾਲ ਮਨਾਂਵਦੇ ਸਨ। ਸਾਰੇ ਲੁਧਿਆਣੇ ਸ਼ਹਿਰ ਵਿਚ ਕੋਈ ਹੋਰ ਸਿਖ ਸਭਾ ਸੁਸਾਇਟੀ ਮੌਜੂਦ ਨਹੀਂ ਸੀ, ਜੋ ਇਨ੍ਹਾਂ ਗੁਰਪੁਰਬਾਂ ਦੇ ਸਾਰੇ ਪ੍ਰਬੰਧ ਨੂੰ ਸਰੰਜਾਮ ਦੇ ਸਕੇ। ਇਹ ਕੇਵਲ ਇਨ੍ਹਾਂ ਤਿਆਰ-ਬਰ-ਤਿਆਰ ਭੁਜੰਗੀਆਂ ਦਾ ਸਦਕਾ ਹੀ ਸੀ, ਜੋ ਇਸ ਵੀਰ ਗੁਰਬਖਸ਼ ਸਿੰਘ ਜੀ ਦੀ ਨਜ਼ੀਰ ਨਾਲ ਅਸਰ-ਪਜ਼ੀਰ ਹੋਈ। ਸਾਨੂੰ ਹੋਰ ਬਹੁਤੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ, ਕੇਵਲ ਭਾਈ ਗੁਰਬਖਸ਼ ਸਿੰਘ ਜੀ ਦੇ ਸੰਖੇਪ ਜੀਵਨ ਲਿਖਣ ਨਾਲ ਹੀ ਸਰੋਕਾਰ ਹੈ। ਸੋ ਅਸੀਂ ਸੰਖੇਪ ਕਰਕੇ ਹੁਣ ਇਸ ਨੂੰ ਮੁਕਾਂਵਦੇ ਹਾਂ।

ਸੰਖਪ ਗੱਲ ਇਹ ਹੈ ਕਿ ਭਾਈ ਗੁਰਬਖਸ਼ ਸਿੰਘ ਜੀ ਇਸ ਸਕੂਲ ਵਿਚੋਂ ਮੈਟਰਿਕ ਪਾਸ ਕਰ ਕੇ ਪਟਿਆਲੇ ਜਾ ਨੌਕਰ ਹਏ ਅਤੇ ਭਾਣੇ ਅੰਦਰ ਹੀ ਭਾਈ ਜੋਗਿੰਦਰ ਸਿੰਘ ਜੀ, ਭਾਈ ਆਤਮਾ ਸਿੰਘ ਜੀ, ਭਾਈ ਜਸਵੰਤ ਸਿੰਘ ਜੀ ਨਾਲ ਇਕਲਵੰਜੇ ਜਾ ਮਥਾਪਤ ਹੋਏ। ਏਧਰ ਸਮੇਂ ਦੇ ਗੇੜ ਵਿਚ ੧੯੧੪-੧੫ ਵਾਲੇ ਸਾਜ਼ਸ਼ ਕੇਸਾਂ ਵਿਚ ਸਾਰਾ ਜਥਾ ਉਲਝਾਂ ਲਿਆ ਗਿਆ, ਅਤੇ ਅਸੀਂ ੧੬ ਸਾਲਾਂ ਦੀ ਯਾਤਰਾ ਕਰਨ ਲਈ ਜੇਲ੍ਹ ਦੇ ਅੰਦਰ ਦੂਰ ਦੁਰਾਡੀ ਦਸ਼ਾ ਵਲ ਚਲੇ ਗਏ। ਪਿਛੋਂ ਭਾਣੇ ਦੇ ਗੇੜ ਵਿਚ "ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ।"* ਗੁਰਵਾਕ ਦੇ ਭਾਵ ਅਨੁਸਾਰ ਭਾ: ਗੁਰਬਖਸ਼ ਸਿੰਘ ਬਗਦਾਦ ਆਦਿ ਦੇਸਾਂ ਪ੍ਰਦੇਸਾਂ ਵਿਚ ਕ੍ਰਿਤ ਕਮਾਈ ਕਰਨ ਲਈ ਚਲੇ ਗਏ। ਅਸਾਡੇ ਜੇਲ੍ਹੋਂ ਬਾਹਰ ਆਉਂਦਿਆਂ ਨੂੰ ਇਹ ਵੀਰ ਗੁਰਬਖਸ਼ ਸਿੰਘ ਜੀ ਵੀ ਬਾਹਰੋਂ ਪ੍ਰਦੇਸਾਂ ਵਿਚੋਂ ਘਰ ਆ ਚੁਕੇ ਸਨ। ਪ੍ਰਦੇਸਾਂ ਵਿਚ ਰਹਿਣ ਕਰਕੇ ਅਤੇ ਕੁਸੰਗਤ ਦਾ ਪ੍ਰਭਾਵ ਵਧ ਜਾਣ ਕਰਕੇ, ਭਾ: ਗੁਰਬਖਸ਼ ਸਿੰਘ ਜੀ ਦੀ ਉਹ ਟੀਸੀ ਵਾਲੀ ਆਤਮ-ਦਸ਼ਾ ਨਾ ਰਹੀ, ਕਈ ਪ੍ਰਕਾਰ ਦੀ ਰਹਿਤ ਰਹਿਣੀ ਤੋਂ ਖਿਸਕ ਗਏ, ਖਿਸਕ ਕੇ ਗੁਰਮਤਿ ਮੰਜ਼ਲ ਦੀ ਨੀਚਾਣ ਵਿਚ ਆ ਪਏ।

ਪ੍ਰਬਲ ਸਤਿਸੰਗ ਦੀ ਅੰਸ ਅਜੇ ਭਾਈ ਗੁਰਬਖਸ਼ ਸਿੰਘ ਜੀ ਦੇ ਰੋਮ ਰੋਮ ਵਿਚ ਠਾਠਾਂ ਮਾਰ ਰਹੀ ਸੀ, ਇਸ ਕਰਕੇ ਉਹ ਸੰਗਤ ਪੰਜਾਂ ਪਿਆਰਿਆਂ ਵਿਚ ਪੇਸ਼ ਹੋ ਕੇ ਫੇਰ ਸਾਵਧਾਨ ਹੋ ਗਏ। ਇਹਨਾਂ ਦੀ ਸਿੰਘਣੀ ਬੀਬੀ ਕਰਤਾਰ ਕੌਰ ਨੂੰ ਭੀ ਨਾਲ ਸਾਵਧਾਨ ਹੋਣਾ ਪਿਆ। ਇਹ ਬੜੀ ਹੀ ਸਿਧੀ ਸਾਦੀ ਲਟਬੌਰੀ ਦਸ਼ਾ ਵਾਲੀ ਬੀਬੀ ਨਿਕਲੀ, ਅੰਦਰ ਸਾਵਧਾਨਤਾ ਕਰਾਇ ਕੇ ਪੰਜਾਂ ਪਿਆਰਿਆਂ ਦੇ ਮੰਡਲ ਵਿਚ ਹੀ ਉਚੀ ਉਚੀ ਚਾਂਗਾਂ ਮਾਰਨ ਲਗ ਪਈ, ਭਾਈ ਗੁਰਬਖਸ਼ ਸਿੰਘ ਜੀ ਨੇ ਬੜੀ ਗੰਭੀਰਤਾ ਨਾਲ ਸਮਝਾ ਬੁਝਾਇ ਕੇ ਉਸ ਨੂੰ ਥਾਂਇ ਸਿਰ ਲਿਆਂਦਾ। ਉਸ ਦਿਨ ਤੋਂ ਪਿਛੋਂ ਇਹਨਾਂ ਨੇ ਆਪਣੇ ਨਗਰ 'ਕਮਾਲਪੁਰੇ' ਜਾ ਕੇ ਕਈ ਵਾਰੀ ਜਥੇ ਦੇ ਜੋੜ-ਮੇਲ ਕਰਾਏ। ਅਤੇ "ਹਰਿਜਨੁ ਪਰਵਾਰੁ ਸਧਾਰੁ ਹੈ"† ਗੁਰਵਾਕ ਅਨੁਸਾਰ ਸਾਰੇ ਪਰਵਾਰ ਨੂੰ ਤਿਆਰ-ਬਰ-ਤਿਆਰ ਸਜਾ ਲਿਆ। ਸਾਰੇ ਹੀ ਨਗਰ ਨਿਵਾਸੀ ਇਨ੍ਹਾਂ ਦੇ ਪੂਰਨ ਅਨੁਸਾਰੀ ਸਨ। ਇਨ੍ਹਾਂ ਦੇ ਤੁਫ਼ਲ ਹੀ ਕਮਾਲਪੁਰੇ ਨਗਰ ਵਿਚ ਖਾਲਸਾ ਹਾਈ ਸਕੂਲ ਕਾਇਮ ਹੋਇਆ, ਜਿਸ ਦੇ ਭਾਈ ਗੁਰਬਖਸ਼ ਸਿੰਘ ਜੀ ਧਾਰਮਕ ਅਧਿਆਪਕ ਥਾਪੇ ਗਏ। ਜਦੋਂ ਵੀ ਅਤੇ ਜਿਥੇ ਵੀ ਜਥੇ ਵਲੋਂ ਅਖੰਡ ਪਾਠ ਜਾਂ ਅਖੰਡ ਕੀਰਤਨ ਸਮਾਗਮ ਹੋਵੇ, ਉਥੇ ਹੀ ਭਾਈ ਗੁਰਬਖਸ਼ ਸਿੰਘ ਜੀ ਅਵੱਸ਼ ਆ ਹਾਜ਼ਰ ਹੁੰਦੇ ਸਨ। ਦਿੱਲੀ, ਐਬਟਾਬਾਦ, ਕਸ਼ਮੀਰ ਆਦਿਕ ਦੂਰ ਦੁਰੇਡ ਦੇ ਸਮਾਗਮਾਂ ਵਿਚ ਹਰਦਮ ਸ਼ਾਮਲ ਹੁੰਦੇ ਰਹੇ। ਅਨਿੰਨ ਗੁਰਸਿੱਖੀ ਦੇ ਅਤੇ ਗੁਰਮਤਿ ਦੇ ਅਹਿਲ ਥੰਮ ਸਨ।

---

*ਸੋਰਠਿ ਵਾਰ, ਮ: ੨, ਪੰਨਾ ੬੫੩ †ਗਉੜੀ ਬੈਰਾਗਣਿ ਮ: ੪, ਪੰਨਾ ੧੬੬



www.AKJ.Org

ਅਜੇ ਥੋੜੀ ਹੀ ਉਮਰ ਸੀ ਕਿ ਇਨ੍ਹਾਂ ਦੇ ਅਕਾਲ ਚਲਾਣੇ ਦਾ ਸਮਾਂ ਨੇੜੇ ਆ ,ਢੁਕਿਆ । ਸਾਨੂੰ ਤਾਂ ਇਸ਼ਾਰੇ ਮਾਤਰ ਦਸ ਹੀ ਦਿਆ ਕਰਦੇ ਸਨ ਕਿ ਹੁਣ ਤਿਲ ਥੋੜੜੇ ਹੀ ਬਾਕੀ ਹਨ। ਸਿਹਤ ਇਨ੍ਹਾਂ ਦੀ ਬੜੀ ਹੀ ਚੰਗੀ ਰਿਸ਼ਟ ਪੁਸ਼ਟ ਸੀ, ਪਰ ਜਦੋਂ ਧੁਰ ਦੇ ਸਦੜੇ ਆਉਂਦੇ ਹਨ ਓਦੋਂ ਸੜੀਆਂ ਸਿਹਤਾਂ ਅਤੇ ਰਿਸ਼ਟਤਾਈਆਂ, ਪੁਸ਼ਟਤਾਈਆਂ ਸਭ ਲਾਚਾਰ ਹੋ ਜਾਂਦੀਆਂ ਹਨ । ਅਸੀਂ ਇਕ ਦਿਨ ਆਪਣੀ ਲੈਅ ਅਨੰਦ ਵਿਚ ਹੀ ਨਾਰੰਗਵਾਲ ਆਪਣੇ ਬੁੰਗਿਆਂ ਤੇ ਮਸਤ ਬੈਠੇ ਸਾਂ, ਕਿ ਕਮਾਲਪੁਰੇ ਤੋਂ ਭਾਈ ਗੁਰਬਖ਼ਸ਼ ਸਿੰਘ ਜੀ ਦਾ ਬੜਾ ਸਪੁੱਤਰ 'ਕਾਕਾ ਹਰਿਚਰਨ ਸਿੰਘ' ਬੜਾ ਘਬਰਾਇਆ ਹੋਇਆ ਆਇਆ ਤੇ ਕਹਿਣ ਲਗਾ—ਕਿ ਬਾਪੂ ਜੀ (ਭਾਈ ਗੁਰਬਖ਼ਸ਼ ਸਿੰਘ ਜੀ) ਬੜੇ ਬੇਚੈਨ ਹਨ ਤੇ ਆਪ ਜੀ ਨੂੰ ਯਾਦ ਕਰਦੇ ਹਨ, ਤੇ ਕਸ਼ਟ-ਨਵਿਰਤੀ ਲਈ ਅਰਦਾਸ ਕਰਨ ਲਈ ਯਾਚਨਾ ਕੀਤੀ ਹੈ। ਉਹ ਕਾਕਾ ਤਾਂ ਇਹ ਸੰਦੇਸਾ ਦੇ ਕੇ ਤੁਰਤ ਫੁਰਤ ਹੀ ਪਿਛੇ ਮੁੜ ਗਿਆ, ਪਿਛੋਂ ਅਸੀਂ ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧ ਕੇ ਉਨ੍ਹਾਂ ਦੇ ਨਮਿਤ ਯਾਚਨਾ ਕੀਤੀ, ਅਤੇ ਉਹੀ ਯਾਚਨਾ ਅਰਦਾਸ ਵਾਲਾ ਸਮਾਂ ਹੀ ਸੀ ਕਿ ਉਧਰ ਕਮਾਲਪੁਰੇ ਵਿਖੇ ਭਾਈ ਗੁਰਬਖ਼ਸ਼ ਸਿੰਘ ਜੀ ਚੜ੍ਹਾਈਆਂ ਕਰ ਗਏ, ਤੇ ਸਦੀਵੀ ਕਸ਼ਟ-ਨਵਿਰਤੀ ਦੀ ਥਾਪਨਾ ਲੈ ਗਏ। ਤਾਬੜ ਤੋੜ ਹੋਰ ਸਦੜਾ ਨਾਰੰਗਵਾਲ ਬੈਠਿਆਂ ਆ ਗਿਆ, ਕਿ ਵੀਰ ਗੁਰਬਖ਼ਸ਼ ਸਿੰਘ ਜੀ ਚੜ੍ਹਾਈਆਂ ਕਰ ਗਏ ਹਨ, ਉਨ੍ਹਾਂ ਦੇ ਹੁਕਮ ਅਨੁਸਾਰ ਉਨ੍ਹਾਂਦਾ ਸਸਕਾਰ ਆਪ ਦੇ ਗਿਆਂ ਹੀ ਕਰਨਾ ਹੈ। ਅਸੀਂ ਤੁਰਤੋ ਫੁਰਤ ਹੀ ਕਾਰ ਲੈ ਕੇ ਕਮਾਲਪੁਰੇ ਪੁਜੇ । ਜਾਂਦਿਆਂ ਨੂੰ ਸਾਰਾ ਪਰਵਾਰ ਭਾਈ ਗੁਰਬਖ਼ਸ਼ ਸਿੰਘ ਦੀ ਅਰਥੀ ਦੇ ਪਾਸ ਬੈਠਾ ਵਾਹਿਗੁਰੂ ਦਾ ਜਾਪ ਅਲਾਪ ਰਿਹਾ ਸੀ । ਹੋਰ ਸੰਗਤਾਂ ਭੀ ਦੂਰੋਂ ਨੇੜਿਓਂ ਆ ਚੁਕੀਆਂ ਸਨ। ਸਾਰੇ ਸਕੂਲ ਦੇ ਵਿਦਿਆਰਥੀ, ਸਾਰਾ ਸਕੂਲ-ਸਟਾਫ਼, ਬੈਂਡ ਬਾਜੇ ਲੈ ਕੇ ਸਾਰੇ ਨਗਰ-ਨਿਵਾਸੀਆਂ ਸਮੇਤ ਇਕ ਅਡੋਲ ਸ਼ਾਂਤ ਅਵਸਥਾ ਵਿਚ ਕਮਰਕਸੇ ਕਰੀ ਖਲੋਤਾ ਸੀ । ਉਸ ਸਮੇਂ ਦੀ ਵੈਰਾਗ-ਮਈ ਅਵਸਥਾ ਜੋ ਸਾਰੀ ਸੰਗਤ ਪਰ ਵਾਪਰੀ, ਅਤੀ ਹੀ ਅਕੱਥਨੀਯ ਹੈ ।

ਇਸ ਬਿਧ ਪਧਾਰ ਗਏ ਮੇਰੇ ਵੀਰ ਵਿਜੋਗੜੀਏ ਭਾਈ ਗੁਰਬਖ਼ਸ਼ ਸਿੰਘ ਜੀ ਸਾਰੀਆਂ ਸੰਗਤਾਂ ਤੇ ਪਰਵਾਰ ਨੂੰ ਵਿਛੋੜੇ ਦਾ ਦਾਗ ਦੇ ਗਏ। ਜਥੇ ਦੇ ਰੰਗਲੇ ਸੱਜਣਾਂ ਵਿਚ ਭਾਈ ਗੁਰਬਖ਼ਸ਼ ਸਿੰਘ ਜੀ ਦਾ ਰੰਗੀਲਾ ਜੀਵਨ ਅਤੀ ਅਦਭੁਤ ਪ੍ਰਮਾਰਥੀ ਰੰਗਾਂ ਵਾਲਾ ਹੈ, ਜਿਸ ਨੂੰ ਅਸੀਂ ਹਿਰਦੇ ਅੰਦਰ ਹਰ ਦਮ ਨੱਪੀ ਰਖਦੇ ਹਾਂ ।

---

# ਅਜਬ ਸਥਿਤੀ

ਬੜੀ ਅਜਬ ਸਥਿਤੀ ਬਣੀ ਪਈ ਹੈ ਕਿ ਇਕ ਪਾਸੇ ਤਾਂ ਸਰਕਾਰ ਵਲੋਂ ਨੌਜਵਾਨਾਂ ਨੂੰ ਮੂਲ-ਧਾਰਾ ਵਿਚ ਸ਼ਾਮਲ ਹੋਣ ਦੀ ਬਾਰ ਬਾਰ ਪ੍ਰੇਰਨਾ ਦਿਤੀ ਜਾ ਰਹੀ ਹੈ, ਪਰ ਦੂਜੇ ਪਾਸੇ ਜਿਹੜੇ ਨੌਜਵਾਨ ਮੂਲ-ਧਾਰਾ ਵਿਚ ਵਿਚਰ ਰਹੇ ਹਨ, ਉਹਨਾਂ ਦੇ ਘਰੀਂ ਬਾਰ ਬਾਰ ਛਾਪੇ ਮਾਰ ਕੇ ਅਤੇ ਉਹਨਾਂ ਨੂੰ ਅਜਾਈਂ ਪਰੇਸ਼ਾਨ ਕਰ ਕੇ ਮੂਲਧਾਰਾ ਵਿਚੋਂ ਨਿਕਲਣ ਤੇ ਮਜਬੂਰ ਕੀਤਾ ਜਾ ਰਿਹਾ ਹੈ, ਜਿਵੇਂ ਕਿ ਅਖੰਡ ਕੀਰਤਨੀ ਜਥੇ ਦੇ ਮੀਤ ਜਥੇਦਾਰ ਭਾਈ ਸਾਹਿਬ ਬਲਦੇਵ ਸਿੰਘ ਜੀ ਦੇ ਘਰ ਬਾਰ ਬਾਰ ਛਾਪੇ ਮਾਰ ਕੇ ਉਹਨਾਂ ਨੂੰ ਅਗਿਆਤਵਾਸ ਹੋਣ ਤੇ ਮਜਬੂਰ ਕੀਤਾ ਗਿਆ ਹੈ। ਭਾਈ ਸਾਹਿਬ ਸਰਕਾਰੀ ਦਫ਼ਤਰ ਵਿਚ ਕੰਮ ਕਰਦੇ ਹਨ ਅਤੇ ਸਾਊ ਸੁਭਾਅ ਵਾਲੇ ਭਜਨੀਕ ਸਿੰਘ ਹਨ। ਉਹਨਾਂ ਦੇ ਅਫ਼ਸਰ ਅਤੇ ਨਾਲ ਕੰਮ ਕਰਨ ਵਾਲੇ ਕਰਮਚਾਰੀ ਉਹਨਾਂ ਦੀ ਸਦਾ ਸਿਫਤ ਕਰਦੇ ਹਨ।

ਜਥੇਦਾਰ, ਅਖੰਡ ਕੀਰਤਨੀ ਜਥਾ


www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੧)

ਗੁਰਮੁਖਿ ਪੰਥ ਸੁਖੁ ਚਾਹਤ ਸਕਲ ਪੰਥ,
ਸਗਲ ਦਰਸ ਗੁਰ ਦਰਸ ਅਧੀਨ ਹੈ ॥
ਸੁਰ ਸੁਰਸਰਿ ਗੁਰ ਚਰਨ ਸਰਨ ਚਾਹੈ,
ਬੇਦ ਬ੍ਰਹਮਾਦਿਕ ਸਬਦ ਲਿਵਲੀਨ ਹੈ ॥
ਸਰਬ ਗਿਆਨ ਗੁਰ ਗਿਆਨ ਅਵਗਾਹਨ ਮੈ,
ਸਰਬ ਨਿਧਾਨ ਗੁਰੁ ਕ੍ਰਿਪਾ ਜਲ ਮੀਨ ਹੈ ॥
ਜੋਗੀ ਜੋਗ ਜੁਗਤਿ ਮੈ, ਭੋਗੀ ਭੋਗ ਭੁਗਤਿ ਮੈ,
ਗੁਰਮੁਖਿ ਨਿਜ ਪਦ ਕੁਲ ਅਕੁਲੀਨ ਹੈ ॥੨੪॥੫੮॥

**ਪਦ ਅਰਥ** : ਗੁਰਮੁਖਿ ਪੰਥ—ਗੁਰਸਿਖੀ ਮਾਰਗ । ਸਕਲ ਪੰਥ—ਸਾਰੇ ਧਰਮ-ਮਾਰਗ । ਸਗਲ ਦਰਸ—ਸਾਰੇ ਮਤ ਮਤਾਂਤਰ । ਅਧੀਨ—ਤਾਬਿਆ । ਸੁਰ—ਦੇਵਤੇ । ਸੁਰਸਰਿ—ਸੁਰਸੁਰੀ, ਦੇਵਤਿਆਂ ਦੀ ਨਦੀ, ਗੰਗਾ । ਬ੍ਰਹਮਾਦਿਕ—ਬ੍ਰਹਮਾ ਆਦਿਕ । ਅਵਗਾਹਨ—ਚੁਭੀ ਲਾਉਣੀ, ਖੋਜਣਾ, ਰਿੜਕਣਾ । ਨਿਧਾਨ—ਰਿਧੀਆਂ ਸਿਧੀਆਂ ਆਦਿ ਖਜ਼ਾਨੇ । ਮੀਨ—ਮੱਛੀ । ਜੋਗ ਜੁਗਤਿ ਮੈ—ਜੋਗ ਦੀ ਸਾਧਨਾ ਵਿਚ । ਭੋਗ ਭੁਗਤਿ ਮੈ—ਭੋਗਾਂ ਪਦਾਰਥਾਂ ਨੂੰ ਭੋਗਣ ਵਿਚ । ਨਿਜ ਪਦ—ਆਤਮ ਪਦ, ਤੁਰੀਆ ਪਦ । ਅਕੁਲੀਨ—ਜਾਤਾਂ ਗੋਤਾਂ ਤੋਂ ਨਿਰਲੇਪ, ਕੁਲਾਚਾਰ (ਕੁਲ ਰੀਤੀ) ਦਾ ਤਿਆਗੀ ।

**ਅਰਥ** : ਗੁਰਮੁਖਾਂ ਵਾਲੇ ਮਾਰਗ ਦਾ ਸੁਖ ਸਾਰੇ ਧਰਮ-ਮਾਰਗ ਚਾਹੁੰਦੇ ਹਨ ਅਤੇ ਸਭੇ ਮਤ-ਮਤਾਂਤਰ ਗੁਰੂ-ਚਲਾਏ-ਮਾਰਗ ਦੇ ਤਾਬਿਆ ਹਨ ।

ਦੇਵਤੇ ਅਤੇ ਦੇਵਤਿਆਂ ਦੀ ਪਵਿਤਰ ਨਦੀ ਗੰਗਾ ਵੀ ਸਤਿਗੁਰੂ ਦੇ ਚਰਨਾਂ ਦੀ ਸ਼ਰਨ ਚਾਹੁੰਦੀ ਹੈ ਅਤੇ ਵੇਦਾਂ ਦੇ ਕਰਤਾ ਬ੍ਰਹਮਾ ਆਦਿਕ ਵੀ ਗੁਰ-ਸ਼ਬਦ ਵਿਚ ਲਿਵ ਲਾਉਣ ਨੂੰ ਤਰਸਦੇ ਹਨ ।

ਸਾਰੇ ਧਰਮਾਂ ਦੇ ਗਿਆਨ ਗੁਰ-ਗਿਆਨ ਦੀ ਖੋਜ ਵਿਚ ਹਨ, ਭਾਵ, ਨਾਮ-ਸਿਮਰਨ ਦੇ ਜਾਚਕ ਹਨ । ਸਭ ਰਿਧੀਆਂ ਸਿਧੀਆਂ ਦੇ ਖ਼ਜ਼ਾਨੇ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਵਿਚ ਇਸ ਤਰ੍ਹਾਂ ਹਨ, ਜਿਵੇਂ ਮੱਛੀ ਪਾਣੀ ਵਿਚ ।

(ਜਿਵੇਂ) ਜੋਗੀ ਲੋਕ ਜੋਗ-ਸਾਧਨਾ ਵਿਚ ਅਤੇ ਭੋਗੀ ਪੁਰਸ਼ ਪਦਾਰਥਾਂ ਦੇ ਭੋਗਣ ਵਿਚ ਉਲਝੇ ਰਹਿੰਦੇ ਹਨ, (ਇਵੇਂ ਹੀ) ਗੁਰੂ ਦੇ ਅਨਿੰਨ ਸ਼ਰਧਾਵਾਨ ਗੁਰਸਿਖ, ਕੁਲਾਂ ਜਾਤਾਂ ਤੋਂ ਨਿਰਲੇਪ ਰਹਿ ਕੇ ਉਚੀ ਆਤਮ-ਅਵਸਥਾ ਵਿਚ ਸਮਾਏ ਰਹਿੰਦੇ ਹਨ ।੨੪।੫੮।

ਉਲਟਿ ਪਵਨੁ ਮਨੁ ਮੀਨ ਕੀ ਚਪਲ ਗਤਿ,
ਸੁਖਮਨਾ ਸੰਗਮ ਕੈ ਬ੍ਰਹਮ ਸ਼ਥਾਨ ਹੈ ॥
ਸਾਗਰ ਸਲਿਲ ਗਹਿ ਗਗਨ ਘਟਾ ਘਮੰਡ,
ਉਨਮਨਿ ਮਗਨ ਲਗਨ ਗੁਰ ਗਿਆਨ ਹੈ ॥
ਜੋਤਿ ਮੈ ਜੋਤੀ ਸਰੂਪ ਦਾਮਿਨੀ ਚਮਤਕਾਰ,
ਗਰਜਤ ਅਨਹਦ ਸਬਦ ਨੀਸਾਨ ਹੈ ॥
ਨਿਝਰ ਅਪਾਰ ਧਾਰ ਬਰਖਾ ਅੰਮ੍ਰਿਤ ਜਲ,
ਸੇਵਕ ਸਕਲ ਫਲ ਸਰਬ ਨਿਧਾਨ ਹੈ ॥੨੫॥੫੯॥



www.AKJ.Org

**ਪਦ ਅਰਥ** : ਉਲਟਿ–ਸੰਸਾਰਕ ਬਿਰਤੀ ਵਲੋਂ ਉਲਟ ਕੇ । ਪਵਨੁ ਮਨੁ–ਹਵਾ ਵਾਂਗ ਉਡਦੇ ਮਨ ਨੂੰ । ਮੀਨ–ਮੱਛੀ । ਚਪਲ ਗਤਿ–ਚੰਚਲ ਤਿਖੀ ਚਾਲ ਵਾਂਗ । ਸੁਖਮਨਾ- ਜੋਗੀਆਂ ਦੀ ਕਲਪੀ ਇਕ ਨਾੜੀ, ਜੋ ਨੱਕ ਦੇ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤਕ ਪੁਜਦੀ ਹੈ, ਇਸ ਦੇ ਸੱਜੇ ਖੱਬੇ ਇੜਾ ਪਿੰਗਲਾ ਨਾੜੀਆਂ ਹਨ । ਸੁਖਮਨਾ ਸੰਗਮ–ਤ੍ਰਿਬੇਣੀ ਅਸਥਾਨ, ਜਿਥੇ ਤਿੰਨੇ ਨਾੜੀਆਂ ਇੜਾ, ਪਿੰਗਲਾ, ਸੁਖਮਨਾ ਮਿਲਦੀਆਂ ਹਨ । ਸੰਗਮ–ਮਿਲਾਪ-ਅਸਥਾਨ । ਬ੍ਰਹਮ ਸਥਾਨ–ਵਾਹਿਗੁਰੂ ਦਾ ਨਿਵਾਸ ਅਸਥਾਨ,ਦਸਮ ਦੁਆਰ । ਸਾਗਰ ਸਲਿਲ ਗਹਿ–(ਨਦੀਆਂ ਦਾ) ਜਲ ਸਮੁੰਦਰ ਵਿਚ ਅਪੜਦਾ ਹੈ । ਗਗਨ ਘਟਾ ਘਮੰਡ–ਘਨਘੋਰ ਘਟ ਗਗਨ (ਅਕਾਸ਼) ਵਿਚ । ਉਨਮਨਿ ਮਗਨ ਉਨਮਨੀ ਅਵਸਥਾ ਵਿਚ ਲੀਨ, ਨਾਮ-ਸਿਮਰਨ ਦੀ ਅਨੰਦ-ਮਸਤੀ ਵਿਚ ਲੀਨ । ਗੁਰ ਗਿਆਨ-ਆਤਮ ਗਿਆਨ । ਜੋਤੀ ਸਰੂਪ–ਵਾਹਿਗੁਰੂ । ਦਾਮਿਨੀ ਚਮਤਕਾਰ–ਬਿਜਲੀ ਦਾ ਲਿਸ਼ਕਾਰਾ । ਅਨਹਦ ਸ਼ਬਦ–ਆਪਣੇ ਆਪ ਇਕ ਰਸ ਵਜਣ ਵਾਲਾ ਸ਼ਬਦ । ਨੀਸਾਨ–ਨਗਾਰਾ । ਨਿਝਰ–ਇਕ-ਰਸ, ਲਗਾਤਾਰ । ਸਕਲ–ਸਗਲ, ਸਾਰੇ । ਨਿਧਾਨ–ਖ਼ਜ਼ਾਨੇ ।

**ਅਰਥ** : ਗੁਰਮੁਖ ਜੋਗੀ ਜਨ, ਪਵਨ (ਹਵਾ) ਵਰਗੇ ਉਡਦੇ ਮਨ ਨੂੰ ਸੰਸਾਰਕ ਖ੍ਰਿਤੀ ਤੋਂ ਉਲਟਾ ਕੇ ਮੱਛੀ ਦੀ ਤਿੱਖੀ ਚਾਲ ਵਾਂਗ ਸੁਖਮਨਾ-ਮਿਲਾਪ ਅਸਥਾਨ (ਤ੍ਰਿਬੇਣੀ) ਦੇ ਉਪਰ ਦਸਮ ਦੁਆਰ ਵਿਖੇ (ਸਹਜੇ ਹੀ) ਜਾ ਨਿਵਾਸ ਕਰਦੇ ਹਨ । ਉਨ੍ਹਾਂ ਨੂੰ ਹੱਠ ਯੋਗੀਆਂ ਵਾਂਗ ਇੜਾ, ਪਿੰਗਲਾ, ਸੁਖਮਨਾ ਨਾੜੀਆਂ ਦੇ ਸੰਗਮ ਮਿਲਾਉਣ ਦੇ ਖਲਜਗਣ ਵਿਚ ਨਹੀਂ ਪੈਣਾ ਪੈਂਦਾ ।

(ਉਹ ਦਸਮ ਦੁਆਰ ਵਿਚ ਵਾਹਿਗੁਰੂ ਦੀ ਜੋਤਿ ਵਿਚ ਇਸ ਤਰ੍ਹਾਂ ਲੀਨ ਹੋ ਜਾਂਦੇ ਹਨ ਜਿਵੇਂ) ਨਦੀਆਂ ਦਾ ਜਲ ਸਮੁੰਦਰ ਵਿਚ ਅਤੇ ਘਨਘੋਰ ਘਟਾ ਅਕਾਸ਼-ਮੰਡਲ ਵਿਚ ਸਮਾ ਜਾਂਦੇ ਹਨ । ਉਹ ਨਾਮ ਸਿਮਰਨ ਦੀ ਅਨੰਦ-ਮਈ ਬਿਵਸਥਾ ਵਿਚ ਮਗਨ ਹੋਇ ਰਹਿੰਦੇ ਹਨ ਅਤੇ ਉਨ੍ਹਾਂ ਦੇ ਅੰਦਰ ਇਕੋ ਗੁਰੂ-ਬਖ਼ਸ਼ੇ ਆਤਮ ਗਿਆਨ (ਨੂੰ ਪ੍ਰਕਾਸ਼ਮਾਨ ਕਰਨ) ਦੀ ਲਗਨ ਹੁੰਦੀ ਹੈ ।

ਉਹ ਜੋਤੀ ਸਰੂਪ ਵਾਹਿਗੁਰੂ ਦੀ ਜੋਤਿ ਵਿਚ ਲੀਨ ਹੋ ਕੇ, ਬਿਜਲੀ ਦੇ ਲਿਸ਼ਕਾਰੇ ਵਾਲਾ (ਦਰਸ਼ਨਾਂ ਦਾ) ਸੱਚਾ ਅਨੰਦ ਮਾਣਦੇ ਹਨ । (ਉਸ ਅਵਥਾ ਵਿਚ ਉਨ੍ਹਾਂ ਨੂੰ) ਅਨਹਦ ਸ਼ਬਦ ਦੀਆਂ ਗਰਜਾਂ ਨਗਾਰੇ ਤੇ ਪਈ ਚੋਟ ਵਾਂਗ ਗੂੰਜਦੀਆਂ ਸੁਣਾਈ ਦਿੰਦੀਆਂ ਹਨ ।

(ਦਮਸ ਦੁਆਰ ਵਿਖੇ) ਅੰਮ੍ਰਿਤ ਜਲ ਦੀ ਇਕ-ਰਸ ਅਪਾਰ ਧਾਰਾ ਦੀ ਬਰਖਾ ਹੁੰਦੀ ਰਹਿੰਦੀ ਹੈ । (ਇਉਂ ਸ਼ਬਦ-ਸੁਰਤ ਦੀ ਕਾਰ ਕਮਾਉਂਦਿਆਂ) ਸੇਵਕ ਜਨਾਂ ਨੂੰ ਸਾਰੇ ਫਲਾਂ ਤੇ ਸਾਰੇ ਖ਼ਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ ।੨੫।੫੯।

**ਨੋਟ** : ਉਪਰੋਕਤ ਅਰਥ ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ' ਵਿਚ ਇਸ ਕਬਿਤ ਦੇ ਦਿਤੇ ਅਰਥਾਂ ਤੇ ਅਧਾਰਤ ਹਨ । ਇਸੇ ਭਾਵ ਦੇ ਪਿਛੇ ਆਏ ਦੋ ਕਬਿਤ ਨੰਬਰ ੮॥੧੯॥ ਅਤੇ ਨੰਬਰ ੨੦॥੨੮॥ ਵੀ ਵਿਚਾਰ ਲੈਣੇ ਚਾਹੀਦੇ ਹਨ ।

**ਲੋਗਨ ਮੈ ਲੋਗਾਚਾਰ ਬੇਦਨ ਮੈ ਬੇਦ ਬੀਚਾਰ,**
**ਲੋਗ ਬੇਦ ਬੀਸ ਇਕ ਈਸ ਗੁਰ ਗਿਆਨ ਹੈ ॥**
**ਜੋਗ ਮੈ ਨ ਜੋਗ ਭੋਗ ਮੈ ਨ ਖਾਨ ਪਾਨ,**
**ਜੋਗ ਭੋਗਾਤੀਤ ਉਨਮਨਿ ਉਨਮਾਨ ਹੈ ॥**
**ਦ੍ਰਿਸਟਿ ਦਰਸ ਧਿਆਨ, ਸਬਦ ਸੁਰਤਿ ਗਿਆਨ,**
**ਗਿਆਨ ਧਿਆਨ ਲਖਿ ਪ੍ਰੇਮ ਪਰਮ ਨਿਧਾਨ ਹੈ ॥**
**ਮਨ ਬਚ ਕ੍ਰਮ ਸ੍ਰਮ ਸਾਧਨਾਧ੍ਯਾਤਮ ਕ੍ਰਮ,**
**ਗੁਰਮੁਖਿ ਸੁਖ ਸਰਬੋਤਮ ਨਿਧਾਨ ਹੈ ।।੨੬॥੬੦॥**



www.AKJ.Org

**ਪਦ ਅਰਥ** : ਲੋਗਨ ਮਹਿ ਲੋਗਾਚਾਰ—ਲੋਕਾਂ ਵਿਚ ਲੋਕਾਚਾਰੀ। ਬੇਦਨ ਮਹਿ—ਬੇਦ-ਬੀਚਾਰੀਆਂ ਵਿਚ। ਬੀਸ—ਸੰਸਾਰ। ਖਾਨ ਪਾਨ—ਖਾਣ ਪਹਿਰਣ। ਜੋਗ ਭੋਗ ਤੀਤ—ਜੋਗ ਤੇ ਭੋਗ ਤੋਂ ਅਤੀਤ, ਨਿਰਲੇਪ। ਉਨਮਨਿ—ਉਚੀ ਆਤਮ ਅਵਸਥਾ। ਉਨਮਾਨ—ਅਨੁਮਾਨ, ਧਿਆਨ, ਵਿਚਾਰ। ਦਰਸ -ਸਤਿਗੁਰੂ ਦਾ ਦਰਸ਼ਨ। ਲਖਿ—ਪਛਾਣ ਕੇ। ਪਰਮ ਨਿਧਾਨ—ਮਹਾਨ ਖ਼ਜ਼ਾਨਾ ਵਾਹਿਗੁਰੂ। ਬਚ—ਬਾਣੀ, ਬਚਨ। ਕ੍ਰਮ—ਕਰਮ। ਸ੍ਰਮ—ਉਦਮ। ਸਾਧਨਾਧਜਾਤਮ—ਅਧਿਆਤਮ ਸਾਧਨ। ਸਰਬੋਤਮ ਨਿਧਾਨ—ਸਭ ਤੋਂ ਉਤਮ (ਨਾਮ-) ਖ਼ਜ਼ਾਨਾ।

**ਅਰਥ** : (ਗੁਰਮੁਖ) ਜਨ ਲੋਕਾਂ ਵਿਚ ਲੋਕਾਚਾਰੀ ਅਤੇ ਬੇਦ-ਬੀਚਾਰੀਆਂ ਵਿਚ ਓਹੋ ਜਿਹੇ ਵਿਹਾਰ ਵਾਲਾ ਜਾਪਦਾ ਹੈ, ਪਰ ਇਨ੍ਹਾਂ ਲੋਕਾਚਾਰੀ ਅਤੇ ਬੇਦ-ਬੀਚਾਰੀ ਕਰਮਾਂ ਨੂੰ ਗੁਰਮੁਖ ਜਨ ਦੁਨੀਆ ਵਾਲੇ ਕਰਮ ਜਾਣਦਾ ਹੋਇਆ (ਇਨ੍ਹਾਂ ਤੋਂ ਨਿਰਲੇਪ ਰਹਿ ਕੇ), ਗੁਰੂ-ਬਖ਼ਸ਼ੇ ਗਿਆਨ ਦੁਆਰਾ ਇਕ ਈਸ਼ਵਰ ਵਿਚ ਹੀ ਸੁਰਤ ਜੋੜਦਾ ਹੈ।

ਜੋਗ ਸਾਧਨਾਂ ਵਿਚ (ਪ੍ਰਭੂ-ਦਰਸ-ਮਿਲਾਪ ਦਾ ਸੱਚਾ) ਜੋਗ ਨਹੀਂ ਹੈ ਅਤੇ ਭੋਗਾਂ ਵਿਚ ਖਾਣ ਪੀਣ ਪਹਿਰਣ (ਆਦਿ ਵਿਚ) ਖਚਿਤ ਹੋਇਆਂ ਕੋਈ ਸੱਚਾ ਸੁਖ ਨਹੀਂ ਹੈ। ਗੁਰਮੁਖ ਜਨ ਅਜਿਹੇ ਜੋਗ ਭੋਗ ਤੋਂ ਨਿਰਲੇਪ ਰਹਿ ਕੇ ਉਚੀ ਆਤਮ-ਅਵਸਥਾ ਦੇ ਧਿਆਨ ਵਿਚ ਲੱਗ ਕੇ ਸੱਚਾ ਅਨੰਦ ਮਾਣਦਾ ਹੈ।

(ਗੁਰਮੁਖ ਦੀ) ਦ੍ਰਿਸ਼ਟੀ ਦਾ ਧਿਆਨ ਸਤਿਗੁਰੂ ਦੇ ਦਰਸ਼ਨ ਵਿਚ ਹੁੰਦਾ ਹੈ ਅਤੇ ਉਸ ਦੀ ਸੁਰਤੀ ਗੁਰ-ਸ਼ਬਦ ਦੇ ਗਿਆਨ (ਨਾਮ-ਸਿਮਰਨ) ਨੂੰ ਕਮਾਉਣ ਵਿਚ ਜੁੜੀ ਰਹਿੰਦੀ ਹੈ। ਅਜਿਹੇ ਗਿਆਨ ਧਿਆਨ ਨੂੰ ਪਛਾਨਣ ਕਰਕੇ ਉਹ ਮਹਾਨ ਖ਼ਜ਼ਾਨੇ ਵਾਹਿਗੁਰੂ ਦੇ ਪ੍ਰੇਮ ਨੂੰ ਪ੍ਰਾਪਤ ਕਰਦਾ ਹੈ।

ਗੁਰਮੁਖ ਜਨ ਮਨ, ਬਾਣੀ ਅਤੇ ਕਰਮਾਂ ਕਰਕੇ ਜੋ ਵੀ ਉਦਮ ਕਰਦਾ ਹੈ, ਉਹ ਅਧਿਆਤਮ ਸਾਧਨਾ ਦਾ ਹੀ ਕਰਮ ਹੁੰਦਾ ਹੈ। ਗੁਰਮੁਖ ਸਭ ਤੋਂ ਉਤਮ ਸੁਖਾਂ ਦੇ ਖ਼ਜ਼ਾਨੇ (ਨਾਮ-ਸਿਮਰਨ) ਵਿਚ ਹੀ ਸੁਖ ਮਾਣਦਾ ਹੈ।੨੬।੬੦।

**ਸਬਦ ਸੁਰਤਿ ਲਿਵ ਧਾਵਤ ਬਰਜ ਰਾਖੈ,**
**ਨਿਹਚਲ ਮਤਿ ਮਨ ਉਨਮਨਿ ਭੀਨ ਹੈ॥**
**ਸਾਗਰ ਲਹਰ ਗਤਿ ਆਤਮ ਤਰੰਗ ਰੰਗ,**
**ਪਰਮਦਭੁਤ ਪਰਮਾਰਥ ਪ੍ਰਬੀਨ ਹੈ॥**
**ਗੁਰ ਉਪਦੇਸ਼ ਨਿਰਮੋਲਕ ਰਤਨ ਧਨ,**
**ਪਰਮ ਨਿਧਾਨ ਗੁਰ ਗਿਆਨ ਲਿਵਲੀਨ ਹੈ॥**
**ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ,**
**ਸੋਹੰ ਹੰਸੋ ਏਕ-ਮੇਕ ਆਪਾ ਆਪ ਚੀਨ ਹੈ॥੨੭॥੬੧॥**

**ਪਦ ਅਰਥ** : ਧਾਵਤ—ਭਟਕਦਾ, ਦੌੜਦਾ ਮਨ। ਬਰਜ ਰਾਖੈ—ਰਕਦਾ ਹੈ। ਨਿਹਚਲ—ਅਸਥਿਰ। ਉਨਮਨਿ—ਉਚੀ ਆਤਮ ਅਵਸਥਾ। ਭੀਨ—ਭਿਜਣਾ। ਸਾਗਰ—ਸਮੁੰਦਰ। ਗਤਿ—ਗਤੀ, ਵਾਂਗ। ਪਰਮਦਭੁਤ—ਬਹੁਤ ਹੀ ਅਸਚਰਜ, ਅਲੌਕਿਕ। ਪਰਮਾਰਥ—ਆਤਮ ਵਿਦਿਆ। ਪ੍ਰਬੀਨ—ਸਿਆਣਾ, ਸਮਰੱਥ। ਨਿਧਾਨ—ਖ਼ਜ਼ਾਨਾ। ਸੰਧਿ—ਸੰਧੀ, ਮਿਲਾਪ। ਸੋਹੰ ਹੰਸੋ—(ਮੈਂ ਉਹ ਹਾਂ, ਉਹ ਮੈਂ ਹਾਂ) ਭਾਵ, ਮੈਂ ਤੇ ਉਹ ਪ੍ਰਭੂ ਇਕ ਹਾਂ, ਪ੍ਰਭੂ ਨਾਲ ਇਕ-ਮਿਕ ਹੋਣਾ। ਏਕ ਮੇਕ—ਇਕ ਰੂਪ। ਆਪਾ ਆਪ—ਆਪਣਾ ਨਿਜ ਰੂਪ। ਚੀਨ ਹੈ—ਪਛਾਣਦਾ ਹੈ।

**ਅਰਥ** : ਸਤਿਗੁਰੂ ਦੇ (ਬਖਸ਼ੇ) ਸ਼ਬਦ ਵਿਚ ਸੁਰਤੀ ਜੋੜਨ ਨਾਲ ਗੁਰਮੁਖ ਜਨ (ਦਸੀਂ ਦਿਸੀਂ) ਧਾਉਂਦੇ ਮਨ ਨੂੰ ਕਾਬੂ ਕਰ ਲੈਂਦਾ ਹੈ, ਜਿਸ ਕਰਕੇ ਸੁਰਤ (ਨਾਮ-ਸਿਮਰਨ ਵਿਚ) ਅਸਥਿਰ ਹੋ ਜਾਂਦੀ ਹੈ ਅਤੇ


www.AKJ.Org

ਮਨ ਉਚੀ ਆਤਮ-ਬਿਵਸਥਾ ਵਿਚ ਭਿਜ ਜਾਂਦਾ ਹੈ।

(ਸਮੁੰਦਰ ਤੇ ਉਸ ਵਿਚੋਂ ਉਠੀ ਲਹਿਰ ਇਕ-ਰੂਪ ਹਨ) ਸਮੁੰਦਰ ਦੀ ਲਹਿਰ ਵਾਂਗ (ਆਤਮ-ਪਰਮਾਤਮ ਦੇ ਇਕ-ਰੂਪ ਹੋਣ ਸਦਕਾ) ਆਤਮ-ਤਰੰਗਾਂ ਦੇ ਰੰਗ ਬਹੁਤ ਹੀ ਅਲੌਕਿਕ ਤੇ ਅਸਚਰਜ ਹਨ । ਪਰਮਾਰਥ (ਦੀ ਇਸ ਗੂੜ੍ਹ ਰਮਜ਼) ਨੂੰ ਸਮਝਣ ਲਈ ਗੁਰਮੁਖ ਜਨ ਹੀ ਸਮਰੱਥ ਹੈ।

ਸਤਿਗੁਰੂ ਦੇ ਉਪਦੇਸ਼ (ਗੁਰ-ਮੰਤਰ ਦਵਾਰਾ) ਰਤਨ ਸਮਾਨ ਨਾਮ ਦੇ ਵੱਡਮੁੱਲੇ ਧਨ ਨੂੰ (ਗੁਰਮੁਖ) ਪ੍ਰਾਪਤ ਕਰਦਾ ਹੈ। ਸਤਿਗੁਰੂ ਦੇ ਗਿਆਨ (ਨਾਮ-ਸਿਮਰਨ) ਦੇ ਮਹਾਨ ਖ਼ਜ਼ਾਨੇ ਨੂੰ ਪ੍ਰਾਪਤ ਕਰ ਕੇ ਗੁਰਮੁਖ ਜਨ ਨਾਮ-ਅਭਿਆਸ ਵਿਚ ਹੀ ਲਿਵ ਜੋੜੀ ਰਖਦਾ ਹੈ।

ਗੁਰੂ ਤੇ ਸਿਖ ਦੇ ਮਿਲਾਪ ਹਇਆਂ, ਗੁਰਸਿਖ ਦੀ ਸੁਰਤੀ ਗੁਰ-ਸ਼ਬਦ ਵਿਚ ਲਿਵਲੀਨ ਹੋ ਜਾਂਦੀ ਹੈ, ਜਿਸ ਦੇ ਤੁਫ਼ੈਲ ਉਸ ਦੀ ਆਤਮਾ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦੀ ਹੈ ਅਤੇ ਉਹ ਆਪਣੇ ਆਪ ਦੀ ਪਛਾਣ ਕਰ ਲੈਂਦਾ ਹੈ।੨੭।੬੧।

**ਸਬਦ ਸੁਰਤਿ ਅਵਗਾਹਨ ਬਿਮਲ ਮਤਿ,**
**ਸਬਦ ਸੁਰਤਿ ਗੁਰ ਗਿਆਨ ਕੋ ਪ੍ਰਕਾਸ ਹੈ॥**
**ਸਬਦ ਸੁਰਤਿ ਸਮ-ਦ੍ਰਿਸਟਿ ਕੈ ਦਿਬ ਜੋਤਿ,**
**ਸਬਦ ਸੁਰਤਿ ਲਿਵ ਅਨਭੈ ਅਭਿਆਸ ਹੈ॥**
**ਸਬਦ ਸੁਰਤਿ ਪਰਮਾਰਥ ਪਰਮ ਪਦ,**
**ਸਬਦ ਸੁਰਤਿ ਸੁਖ ਸਹਜ ਨਿਵਾਸ ਹੈ॥**
**ਸਬਦ ਸੁਰਤਿ ਲਿਵ ਪ੍ਰੇਮ ਰਸ ਰਸਿਕ ਹੁਇ,**
**ਸਬਦ ਸੁਰਤਿ ਲਿਵ ਬ੍ਰਹਮ ਬਿਸ੍ਵਾਸ ਹੈ॥੨੮॥੬੨॥**

**ਪਦ ਅਰਥ** : ਅਵਗਾਹਨ—ਚੁਭੀ ਲਾਉਣੀ, ਖੋਜਣਾ, ਰਿੜਕਣਾ। ਬਿਮਲ—ਬਿ+ਮਲ, ਮੈਲ ਰਹਿਤ, ਉਜਲ। ਸਮਦ੍ਰਿਸਟਿ—ਸਭਸ ਨੂੰ ਇਕ-ਸਮਾਨ ਦੇਖਣ ਵਾਲੀ ਨਜ਼ਰ, ਸਮਦਰਸਤਾ। ਦਿਬ ਜੋਤਿ—ਰੱਬੀ ਜੋਤੀ। ਅਨਭੈ—ਭੈ-ਰਹਿਤ ਵਾਹਿਗੁਰੂ। ਅਨਭੈ ਅਭਿਆਸ—ਨਿਰਭਉ ਵਾਹਿਗੁਰੂ ਦੇ ਸਿਮਰਨ ਦਾ ਅਭਿਆਸ। ਪਰਮਾਰਥ—ਆਤਮ ਵਿਦਿਆ, ਮੋਖ ਮੁਕਤੀ। ਰਸਿਕ—ਰਸੀਆ। ਬ੍ਰਹਮ ਬਿਸ੍ਵਾਸ—ਵਾਹਿਗੁਰੂ ਵਿਚ ਸਿਦਕ, ਸ਼ਰਧਾ।

**ਅਰਥ** : (ਸਨਮੁਖ ਗੁਰਸਿਖ ਦੀ) ਸੁਰਤਿ ਦੀ ਗੁਰ-ਸ਼ਬਦ ਵਿਚ ਚੁਭੀ ਲਗਣ ਨਾਲ,ਭਾਵ, ਨਾਮ-ਸਿਮਰਨ ਵਿਚ ਇਕ-ਰਸ ਸਮਾਈ ਹੋਣ ਨਾਲ ਬੁਧੀ ਉਜਲੀ ਹੋ ਜਾਂਦੀ ਹੈ ਅਤੇ ਗੁਰ-ਸ਼ਬਦ ਵਿਚ ਸੁਰਤਿ ਜੁੜਿਆਂ ਅੰਤਰ-ਆਤਮੇ ਗੁਰੂ ਦੇ ਗਿਆਨ ਦਾ ਚਾਨਣ ਹੋ ਆਉਂਦਾ ਹੈ।

ਗੁਰ-ਸ਼ਬਦ ਵਿਚ ਸੁਰਤੀ ਜੁੜਿਆਂ ਸਮ-ਦਰਸਤਾ ਆ ਜਾਣ ਦੇ ਕਾਰਨ ਅੰਤਰ-ਆਤਮੇ ਪ੍ਰਭੂ ਦੀ ਜੋਤੀ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਗੁਰ-ਸ਼ਬਦ ਵਿਚ ਸੁਰਤਿ ਦੀ ਲਿਵ ਲਗਿਆਂ ਨਿਰਭਉ ਵਾਹਿਗੁਰੂ ਦੇ ਸਿਮਰਨ ਦਾ ਅਭਿਆਸੀ ਹੋ ਜਾਂਦਾ ਹੈ।

ਗੁਰ-ਸ਼ਬਦ ਵਿਚ ਸੁਰਤਿ ਟਿਕਣ ਨਾਲ (ਗੁਰਮੁਖ ਜਨ ਨੂੰ) ਮੋਖ-ਮੁਕਤੀ ਵਾਲੇ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਗੁਰ-ਸ਼ਬਦ ਵਿਚ ਸੁਰਤਿ ਦੇ ਜੁੜਿਆਂ ਉਹ ਸਹਿਜ-ਸੁਖ-ਅਨੰਦ ਵਾਲੀ ਅਵਸਥਾ ਵਿਚ ਜਾ ਟਿਕਦਾ ਹੈ।

(ਗੁਰਮੁਖ ਜਨ ਦੀ) ਗੁਰ-ਸ਼ਬਦ ਵਿਚ ਸੁਰਤਿ ਦੀ ਲਿਵ ਲਗਿਆਂ, ਉਹ ਪ੍ਰੇਮ-ਰਸ ਦਾ ਰਸੀਆ ਹੋ ਨਿਬੜਦਾ ਹੈ, ਭਾਵ, ਉਹ ਨਾਮ ਦਾ ਅੰਮ੍ਰਿਤ-ਰਸ ਭੁੰਚਦਾ ਹੈ ਅਤੇ ਸ਼ਬਦ-ਸੁਰਤਿ ਵਿਚ ਲਿਵ ਜੁੜਿਆਂ (ਹਿਰਦੇ ਅੰਦਰ) ਵਾਹਿਗੁਰੂ ਲਈ ਅਲੌਕਿਕ ਸ਼ਰਧਾ-ਭਾਵਨੀ ਉਪਜਦੀ ਹੈ।੨੮।੬੨।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੩੩)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

**ਸਿੰਘਾਂ ਵਿਰੁਧ ਗਸ਼ਤੀ ਫ਼ੌਜ ਚੜ੍ਹਨੀ–**

ਮੁਗਲ ਸਰਕਾਰ ਦੇ ਢਾਂਚੇ ਦੀਆਂ ਸਿੰਘਾਂ ਚੂਲਾਂ ਹਿਲਾ ਕੇ ਰਖ ਦਿੱਤੀਆਂ। ਮਾਰੋ ਮਾਰ ਨਾਲ ਉਹ ਹਾਲਤ ਹੋ ਗਈ ਜੋ ਸਿੰਘਾਂ ਨਾਲ ਸੁਲਾਹ ਤੋਂ ਪਹਿਲਾਂ ਸੀ। ਦਿਨ-ਦੀਵੀਂ ਲੁੱਟਾਂ-ਖੋਹਾਂ ਹੋਣ ਲੱਗੀਆਂ। ਮਾਝਾ ਸਿੰਘਾਂ ਦਾ ਗੜ੍ਹ ਸੀ। ਇਸ ਵਿਚ ਬੁਰੀ ਲੁਟ-ਮਾਰ ਮੱਚੀ। ਇਸ ਲੁੱਟ-ਮਾਰ ਨੂੰ ਰੋਕਣ ਵਾਸਤੇ ਤੇ ਮਾਝੇ ਵਿਚੋਂ ਸਿੰਘਾਂ ਨੂੰ ਕਢਣ ਵਾਸਤੇ ਖਾਨ ਬਹਾਦਰ ਨੇ ਆਪਣੇ ਵਜ਼ੀਰ ਦੀਵਾਨ ਲਖਪਤ ਰਾਏ ਤੇ ਆਪਣੇ ਭਤੀਜੇ ਮੁਖ਼ਲਸ ਖਾਂ ਦੇ ਮਾਤਹਿਤ ੧੦ ਹਜ਼ਾਰ ਗਸ਼ਤੀ ਫ਼ੌਜ ਚੜ੍ਹਾ ਦਿਤੀ ਤਾਂ ਜੁ ਉਹ ਇਲਾਕੇ ਵਿਚ ਫਿਰ ਨਿਕਲੇ ਤੇ ਮਾਰ ਮਾਰ ਕੇ ਸਿੰਘਾਂ ਤੋਂ ਮਾਝੇ ਨੂੰ ਸਾਫ਼ ਕਰ ਦੇਵੇ। ਇਸ ਫੌਜ ਦੇ ਦਸਤੇ ਪਿੰਡਾਂ ਵਿਚ ਹਰਲ ਹਰਲ ਕਰਦੇ ਫਿਰਦੇ। ਇਨ੍ਹਾਂ ਪਿੰਡਾਂ ਦੇ ਪਿੰਡ ਲੁਟ ਪੁਟ ਕੇ ਬਰਬਾਦ ਕਰ ਦਿਤੇ। ਜੇ ਕੋਈ ਅਗੋਂ ਉੱਚੀ ਸਾਹ ਲੈਂਦਾ ਜਾਂ ਉਭਾਸਰਦਾ ਕਿ ਉਨ੍ਹਾਂ ਦੀ ਲੁਟ ਕਿਉਂ ਕਰਦੇ ਹੋ ਤਾਂ ਸਿਖ ਕਹਿ ਕੇ ਥਾਂ ਤੇ ਹੀ ਕਤਲ ਕਰ ਦੇਂਦੇ। ਸਾਰੇ ਇਲਾਕੇ ਵਿਚ ਢੰਡੋਰਾ ਫੇਰ ਦਿਤਾ ਕਿ ਜੋ ਕਿਸੇ ਸਿੰਘ ਨੂੰ ਫੜਾਵੇਗਾ, ਦੱਸ ਪਾਵੇਗਾ, ਜਾਂ ਆਪ ਮਾਰ ਲਿਆਵੇਗਾ, ਉਸ ਨੂੰ ਚੋਖਾ ਇਨਾਮ ਦਿਤਾ ਜਾਵੇਗਾ।

ਇਸ ਵੇਲੇ ਲਾਲਚੀ ਲੋਭੀ ਲੋਗਾਂ ਇਨਾਮ ਲੈਣ ਲਈ ਪਹਿਲਾਂ ਵਾਲੀ ਤਿਖ ਨਹੀਂ ਵਿਖਾਈ, ਥੋੜੇ ਹੀ ਪਿਛੇ ਪਏ, ਕਿਉਂਕਿ ਉਨ੍ਹਾਂ ਨੂੰ ਸਿੰਘਾਂ ਵਲੋਂ ਸਿਖਾਇਆ ਪਹਿਲਾ ਸਬਕ ਨਹੀਂ ਸੀ ਭੁਲਿਆ। ੧੭੨੯-੩੦ ਈਸਵੀ ਵਿਚ ਜਿਨ੍ਹਾਂ ਲੋਭੀ ਲੋਗਾਂ ਨੇ ਸਿੰਘ ਮਾਰੇ-ਮਰਵਾਏ ਸਨ, ਮੌਕਾ ਪਾ ਕੇ ਸਿੰਘਾਂ ਉਨ੍ਹਾਂ ਦੀ ਜੜ ਮੇਖ ਬੁਰੀ ਤਰ੍ਹਾਂ ਪੁੱਟੀ ਸੀ। ਉਸ ਹਾਲਤ ਤੋਂ ਡਰਦੇ ਚੁਗਲ ਤਾਂ ਸਿਰ ਸੁਟੀ ਦਬੇ ਰਹੇ, ਪਰ ਗਸ਼ਤੀ ਫੌਜ ਨੇ ਸਿੰਘਾਂ ਦੇ ਮਗਰ ਫਿਰ ਫਿਰ ਕੇ ਤੇ ਦਗੇ ਫ਼ਰੇਬ ਨਾਲ ਅਨੇਕਾਂ ਸਿੰਘ ਮਾਰ ਖਪਾਏ। ਤੰਗ ਆ ਕੇ ਸਿੰਘ ਸਤਲੁਜ ਟੱਪ ਕੇ ਮਾਲਵੇ ਵਿਚ ਜਾ ਵੜੇ।

ਨਵਾਬ ਕਪੂਰ ਸਿੰਘ ਦੀ ਜਥੇਦਾਰੀ ਵਿਚ ਵਿਚਰਨ ਵਾਲਾ ਬੁਢਾ ਦਲ ਬਰਨਾਲੇ ਜਾ ਉੱਤਰਿਆ। ਪਟਿਆਲੀਏ ਆਲਾ (ਸਿੰਘ) ਚੌਧਰੀ ਦੀ ਇਹ ਰਾਜਧਾਨੀ ਸੀ। ਸਿੰਘ ਘਰ ਆਏ ਹਨ, ਉਸ ਨੇ ਧੰਨ ਭਾਗ ਸਮਝਿਆ। ਆਪਣੇ ਘਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਇਆ, ਇਕੱਠੇ ਹੋਏ ਸਾਰੇ ਪੰਥ ਨੂੰ ਲੰਗਰ ਛਕਾਇਆ, ਟਹਿਲ ਸੇਵਾ ਕੀਤੀ ਤੇ ਸਾਰਿਆਂ ਨੂੰ ਲੂੰਗੀਆਂ, ਖੇਸ, ਚਾਦਰੇ ਆਦਿ ਬਸਤਰ ਦਿਤੇ। ਆਲਾ ਸਿੰਘ ਨੇ ਪਰਵਾਰ ਸਮੇਤ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਵਿਚ ਅੰਮ੍ਰਿਤ ਛਕਿਆ। ਇਸ ਦਿਨ ਤੋਂ ਆਲਾ ਸਿੰਘ ਦਾ ਪੰਥ ਵਿਚ ਪਿਆਰ ਸਤਿਕਾਰ ਵਧੇਰੇ ਹੋ ਗਿਆ। ਜਦ ਵੀ ਉਸ ਤੇ ਭੀੜ ਸੰਘੀੜ ਬਣੀ, ਅਵਾਜ਼ਾ ਸੁਣ ਕੇ ਸਿੰਘ ਸਹਾਇਤਾ ਲਈ ਤੂਫਾਨ ਵਾਂਗ ਚੜ੍ਹ ਆਉਂਦੇ ਰਹੇ ਤੇ ਉਸ ਦੇ ਦੋਖੀਆਂ ਨੂੰ ਮਾਰ ਮਾਰ ਉਨ੍ਹਾਂ ਦੀ ਧੂੜ ਆਸਮਾਨੀਂ ਉਡਾ ਦੇਂਦੇ। ਸਿੰਘਾਂ ਦੀ ਮਦਦ ਨਾਲ ਹੀ ਚਰਖੀ ਦਾਦਰੀ, ਰਿਵਾੜੀ, ਨਾਰਨੌਲ, ਬਾਬਲ ਕਾਂਟੀ, ਮਹਿੰਦਰਗੜ੍ਹ (ਇਹ ਸਾਰੇ ਇਲਾਕੇ ਹੁਣ ਹਰਿਆਣੇ ਵਿਚ ਹਨ) ਆਦਿ ਆਲਾ ਸਿੰਘ ਪਟਿਆਲੇ ਵਿਚ ਸ਼ਾਮਲ ਕਰ ਸਕਿਆ।

ਬੁਢਾ ਦਲ ਬਰਨਾਲਿਓਂ ਵਿਦਿਆ ਹੋ ਕੇ ਮਲੇਰ ਕੋਟਲੇ ਦੇ ਇਲਾਕੇ ਵਿਚ ਆਣ ਉਤਰਿਆ। ਸ਼ਰਧਾਲੂਆਂ ਨਜ਼ਰਾਂ ਭੇਟ ਕਰ ਕੇ ਖਾਲਸੇ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਤੇ ਅਮਨ ਅਮਾਨ ਚਿ ਰਹੇ; ਪਰ ਜਿਨ੍ਹਾਂ ਚੌਧਰੀਆਂ ਦੀਆਂ ਗਰਦਨਾਂ ਵਿਚ ਅਕੜੇਵੇਂ ਦੇ ਕਿੱਲੇ ਠੁਕੇ ਸਨ, ਉਨ੍ਹਾਂ ਨੂੰ ਚੰਗਾ ਸੁਆਰ ਕੇ ਸੋਧਿਆ ਤੇ ਆਕੜਾਂ ਕਢ ਛਡੀਆਂ। ਏਧਰੋਂ ਹਟ ਕੇ ਸਰਹਿੰਦ ਦੁਆਲੇ ਜਾ ਕੜਕੇ। ਮੁਸਲਮਾਨ ਚੌਧਰੀਆਂ ਤੇ ਜ਼ਿਮੀਦਾਰਾਂ ਨੂੰ ਮਿਥ ਕੇ ਲੁਟਿਆ। ਇਹ ਲੋਕ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਤੋਂ ਪਿਛੋਂ ਕੁਝ ਵਧੇਰੇ ਹੀ ਮੱਛਰ ਗਏ ਸਨ।


www.AKJ.Org

ਖਾਲਸੇ ਨੇ ਮਾਰ ਮਾਰ ਸਾਰੇ ਵਲ-ਵਿੰਗ ਕਢ ਛੱਡੇ। ਇਸ ਪਾਸੇ ਨੂੰ ਤਸੱਲੀ ਨਾਲ ਮਾਂਜ ਕੇ ਸਤਲੁਜ ਦਰਿਆ ਟੱਪ ਕੇ ਜਲੰਧਰ ਦੁਆਬ ਵਿਚ ਜਾ ਵੜੇ ਤੇ ਲੁਟ-ਮਾਰ ਸ਼ੁਰੂ ਕਰ ਦਿਤੀ। ਲੋਕਾਂ ਉਤੇ ਸਿੰਘਾਂ ਦਾ ਇਹੋ ਜਿਹਾ ਜਬ੍ਹਾ ਬੈਠ ਗਿਆ ਸੀ ਕਿ ਅਗੋਂ ਕੋਈ ਵੀ ਸਿਰ ਚੁਕਣ ਦੀ ਦਲੇਰੀ ਨਾ ਕਰਦਾ।

ਤਰਨਾ ਦਲ ਕੋਟ ਬੁਢੇ ਵਲੋਂ ਸਤਲੁਜ ਟਪਿਆ ਸੀ। ਇਹ ਮੰਝਲੀ ਦੇ ਇਲਾਕੇ ਵਿਚ ਜਾ ਧਮਕਿਆ। ਇਸ ੩੮੪ ਪਿੰਡਾਂ ਦੇ ਇਲਾਕੇ ਉਤੇ ਮੰਝ ਰਾਜਪੂਤਾਂ, ਜਿਨ੍ਹਾਂ ਵਿਚ ਬਹੁਤੇ ਮੁਸਲਮਾਨ ਹੋ ਗਏ ਸਨ, ਦੀ ਚੌਧਰਾਇਤ ਸੀ। ਕੋਟ ਈਸਾ ਖਾਨ ਦਾ ਦੁਆਲਾ ਧਰਮ ਕੋਟ, ਕਿਸ਼ਨਗੜ੍ਹ, ਭਿੰਡਰਾਂ ਜਲਾਲਾਬਾਦ ਤੇ ਦਰਿਆ ਦੇ ਸੱਜੇ ਕੰਢੇ ਬੰਡਾਲਾ, ਜੰਡਿਆਲਾ, ਤਲਵਣ, ਸਰੀਹ, ਸਾਕਰ ਰੁੜਕਾ, ਨਕੋਦਰ, ਮਲਸੀਹਾਂ, ਸ਼ਾਹਪੁਰ, ਤਿਲਗਾ, ਨੂਰ ਮਹਿਲ ਤਲਵੰਡੀ, ਦੁਸਾਂਝਾਂ, ਮੌਮਾਰੀ ਆਦਿਕ ਵੱਡੇ ਵੱਡੇ ਧਨੀ ਪਿੰਡ ਇਸ ਚੌਧਰਾਇਤ ਵਿਚ ਪੈਂਦੇ ਸਨ, ਇਹ ਸਭ ਸੁਕ-ਮਾਂਜ ਕਰ ਕੇ ਤਰਨਾ ਦਲ, ਬੁਢਾ ਦਲ ਨਾਲ ਜਾ ਮਿਲਿਆ ਤੇ ਜਲੰਧਰ ਦੁਆਬ ਦੀ ਲੁਟ-ਮਾਰ ਰਲ ਕੇ ਕੀਤੀ।

ਮੰਝਲੀ ਦੇ ਰਾਜਪੂਤਾਂ ਨੂੰ ਸਿੰਘਾਂ ਨੇ ਬੁਰੀ ਤਰ੍ਹਾਂ ਮਰੋੜ ਕੇ ਭੰਨ ਤੋੜ ਛੱਡਿਆ ਸੀ। ਰੱਸੀ ਸੜ ਗਈ ਪਰ ਵਲ ਨਾ ਗਿਆ। ਅਦੀਨਾ ਬੇਗ ਖਾਂ ਜਦ ਸਾਰੇ ਦੁਆਬੇ ਦਾ ਹਾਕਿਮ ਹੋ ਗਿਆ, ਤਾਂ ਉਹ ਅਦੀਨਾ ਬੇਗ ਨੂੰ ਇਕ ਮੁਗਲ ਹਾਕਿਮ ਦਾ ਪਾਲਕ, ਰਾਈਂ ਪੁੱਤਰ ਕਮੀਣੀ ਜ਼ਾਤ ਸਮਝ ਕੇ ਸਲਾਮ ਨਹੀਂ ਕਰਦੇ ਸਨ। ਉਸ ਨੇ ਇਨ੍ਹਾਂ ਦੀ ਇਸ ਆਕੜ ਤੋਂ ਚਿੜ ਕੇ ਪੱਤ ਗੋਤ ਵਾਲੇ ਜੱਟਾਂ ਨੂੰ ਮੰਝਕੀ ਦੀ ਚੌਧਰਾਇਤ ਦੇ ਦਿਤੀ। ਇਨ੍ਹਾਂ ਜੱਟਾਂ ਵਿਚੋਂ ਰਾਇ ਸਰਜਾ ਤੇ ਭਾਗ ਮਲ ਬੜੇ ਉਘੇ ਚੌਧਰੀ ਹੋਏ ਹਨ। ਭਾਗ ਮੱਲ ਤੋਂ ਬਾਅਦ ਉਸਦਾ ਪੋਤਰਾ ਸਰਦਾਰ ਗੁਲਾਬ ਸਿੰਘ ਮੰਝਲੀ ਦਾ ਹਾਕਿਮ ਬਣਿਆ। ਹਰਨਾਮ ਸਿੰਘ, ਮਤਾਬ ਸਿੰਘ ਜੋ ਮਸ਼ਹੂਰ ਚੌਧਰੀ ਹੋਏ ਹਨ, ਇਸ ਦੀ ਔਲਾਦ ਵਿਚੋਂ ਸਨ। ਮੁਲਕ ਦੀ ਵੰਡ ਵੇਲੇ ਇਹ ਮੰਝ ਰਾਜਪੂਤ ਪਾਕਿਸਤਾਨ ਵਿਚ ਚਲੇ ਗਏ।

**ਸ੍ਰੀ ਅੰਮ੍ਰਿਤਸਰ ਵਲ ਚਾਲੇ–**

ਮਾਲਵੇ ਤੇ ਦੁਆਬੇ ਦੇ ਦੌਰੇ ਵਲੋਂ ਵਿਹਲੇ ਹੋ ਕੇ ਦੋਹਾਂ ਦਲਾਂ ਗੁਰਮਤਾ ਪਕਾਇਆ ਕਿ ਇਸ ਸਾਲ ਦੀਪਮਾਲਾ ਦਾ ਮੇਲਾ ਸ੍ਰੀ ਅੰਮ੍ਰਿਤਸਰ ਮਨਾਇਆ ਜਾਵੇ। ਦੋਵੇਂ ਦਲਾਂ ਬਿਆਸ ਟੱਪ ਕੇ ਪਹਿਲੇ ਸਰਾਧ ਦਾ ਮੇਲਾ ਗੋਇੰਦਵਾਲ ਸਾਹਿਬ ਆਣ ਕੀਤਾ। ਮਾਲਵੇ ਦੁਆਬੇ ਦੇ ਦੌਰੇ ਵਿਚ ਸਿੰਘਾਂ ਹੱਥ ਚੋਖੀ ਮਾਇਆ ਆਈ ਸੀ। ਖੁਲ੍ਹੇ ਦਿਲ ਨਾਲ ਬਾਉਲੀ ਸਾਹਿਬ ਗੁਰਦੁਆਰੇ ਦੀ ਸੇਵਾ ਕੀਤੀ। ਚੌਥੇ ਪੰਜਵੇਂ ਦਾ ਮੇਲਾ ਖਡੂਰ ਸਾਹਿਬ ਕਰ ਕੇ ਦੋਵੇਂ ਦਲ ਤਰਨ ਤਾਰਨ ਆ ਗਏ। ਤਰਨਾ ਦਲ ਤਾਂ ਏਥੇ ਹੀ ਰਿਹਾ, ਬੁਢਾ ਦਲ ਕੂਚ ਕਰ ਕੇ ਬਾਸਰਕੇ ਬੀੜ ਵਿਚ ਜਾ ਉਤਰਿਆ।

**ਬਾਸਰਕੇ ਦੀ ਲੜਾਈ–**

ਸਿੰਘਾਂ ਦੇ ਉਤਾਰੇ ਦੀ ਸੂਹਿਆਂ ਝਟ ਲਾਹੌਰ ਖ਼ਬਰ ਪਹੁੰਚਾ ਦਿਤੀ। ਜ਼ਕਰੀਆ ਖਾਨ ਨੇ ਓਸੇ ਵੇਲੇ ਸੱਤ ਹਜ਼ਾਰ ਫ਼ੌਜ ਦੇ ਕੇ ਦੀਵਾਨ ਲਖਪਤ ਰਾਏ, ਹੈਬਤ ਖਾਨ, ਸਲਾਬਤ ਖਾਨ, ਕੁਤਬੁੱਦੀਨ ਖਾਨ, ਤਾਤਾਰ ਖਾਨ ਆਦਿ ਜਰਨੈਲਾਂ ਨੂੰ ਸਿੰਘਾਂ ਉਤੇ ਹਮਲਾ ਕਰਨ ਲਈ ਚੜ੍ਹਾ ਦਿਤਾ। ਲਾਹੌਰੀ ਫੌਜ ਆਈ ਤੇ ਬਗੈਰ ਕਿਸੇ ਵਜ੍ਹਾ ਦੇ ਚੁਪ ਕੀਤੇ ਬੈਠੇ ਸਿੰਘਾਂ ਉਤੇ ਹੱਲਾ ਬੋਲ ਦਿਤਾ। ਬੜੀ ਖ਼ੂਨ-ਡੋਲ੍ਹਵੀਂ ਲੜਾਈ ਹੋਈ। ਸਿੰਘਾਂ ਦੀ ਗਿਣਤੀ ਬਹੁਤ ਘਟ ਸੀ,ਪਰ ਬੜੀ ਬਹਾਦਰੀ ਨਾਲ ਤੇ ਜੀਅ ਤੋੜ ਕੇ ਲੜੇ। ਦੁਵੱਲਾ ਬਹੁਤ ਨੁਕਸਾਨ ਹੋਇਆ। ਕੁਤਬੁੱਦੀਨ (ਸਮੁੰਦ ਖਾਨ ਦਾ ਜਵਾਈ) ਤੇ ਸਲਾਬਤ ਖਾਨ ਲੜਾਈ ਵਿਚ ਮਾਰੇ ਗਏ। ਫੌਜ ਦੇ ਉਘੇ ਜਰਨੈਲ ਸਿੰਘਾਂ ਹਥੋਂ ਮਾਰੇ ਜਾਣ ਕਰਕੇ, ਫੌਜ ਦਿਲ ਛਡ ਖਲੋਤੀ ਅਤੇ ਮੈਦਾਨੋਂ ਨਸਣ ਹੀ ਵਾਲੀ ਸੀ ਕਿ ਐਨ ਉਸ ਵੇਲੇ ਸਮੁੰਦ ਖਾਨ ਸੱਜਰ-ਸਾਹ ਫੌਜ ਲੈ ਕੇ ਸਹਾਇਤਾ ਲਈ ਆਣ ਪੁੱਜਾ। ਸਿੰਘਾਂ ਨੇ ਹੋਰ ਉਲਝਣ ਦੀ ਥਾਂ ਖਿਸਕ ਜਾਣ ਵਿਚ ਹੀ ਫ਼ਾਇਦਾ ਸਮਝਿਆ। ਲੜਦੇ ਭਿੜਦੇ ਖੇਮ ਕਰਨ ਵਲ ਹੋ ਤੁਰੇ। ਸਮੁੰਦ ਖਾਨ ਦੇ ਆ ਕੇ ਲਲਕਾਰਨ ਨਾਲ ਫੌਜ ਸਿੰਘਾਂ ਮਗਰ ਪਈ ਤਾਂ ਸਹੀ, ਪਰ ਅਗਲੇ ਕਿਹੜੇ ਘਟ ਸਨ। ਤਲਵਾਰਾਂ ਨਾਲ ਝਾੜ ਕੇ ਪਿਛਾਂਹ ਸੁਟ ਗਏ। ਇਹ


www.AKJ.Org

ਬਾਸਰਕੇ ਦੀ ਲੜਾਈ ੨੭ ਕਤਕ ੧੭੯੩ ਬਿ: (੧੭੩੬ ਈ:) ਨੂੰ ਹੋਈ ਸੀ ।[1]

**ਹੁਜਰਾ ਸ਼ਾਹ ਮਕੀਮ ਦੀ ਲੜਾਈ–**

ਜਦ ਤਰਨਾ ਦਲ ਨੂੰ ਖ਼ਬਰ ਮਿਲੀ ਕਿ ਬਾਸਰਕੇ ਬੁਢਾ ਦਲ ਦੇ ਸਿੰਘਾਂ ਉਤੇ ਸ਼ਾਹੀ ਫੌਜ ਨੇ ਹਮਲਾ ਕਰ ਦਿਤਾ ਹੈ ਤੇ ਉਹ ਖੇਮਕਰਨ ਵਲ ਚਲੇ ਗਏ ਹਨ ਤਾਂ ਤਰਨਾ ਦਲ ਉਨ੍ਹਾਂ ਦੀ ਸਹਾਇਤਾ ਲਈ ਚੜ੍ਹ ਪਿਆ ਤੇ ਖੇਮਕਰਨ ਦੋਵੇਂ ਦਲ ਫਿਰ ਇਕੱਠੇ ਹੋ ਗਏ। ਸਮੁੰਦ ਖਾਨ ਨੂੰ ਜੁਆਈ ਮਰੇ ਦਾ ਗੁੱਸਾ ਸੀ । ਲਖਪਤ ਰਾਏ ਵਾਲੀ ਫੌਜ ਨੂੰ ਨਾਲ ਲੈ ਕੇ, ਲਖਪਤ ਰਾਏ ਦੀ ਕਮਾਨ ਥਲੇ ਫੌਜ ਸਿੰਘਾਂ ਦੇ ਮਗਰ ਚੜ੍ਹਾ ਲਈ । ਅੱਗੇ ਅੱਗੇ ਸਿੰਘ ਤੇ ਪਿਛੇ ਪਿਛੇ ਲਾਹੌਰ ਦੀਆਂ ਗਸ਼ਤੀ ਫੌਜਾਂ ਆ ਰਹੀਆਂ ਸਨ । ਸਿੰਘਾਂ ਦੇ ਦਲ ਚੂਹਣੀਆਂ ਦੇ ਇਲਾਕੇ ਵਿਚ ਜਾ ਵੜੇ। ਸ਼ਾਹੀ ਫੌਜ ਹੁਣ ਲਾਹੌਰੋਂ ਕਾਫੀ ਦੂਰ ਆ ਗਈ ਸੀ ਤੇ ਛੇਤੀ ਕਿਸੇ ਹੋਰ ਮਦਦ ਦੇ ਪਹੁੰਚਣ ਦੀ ਵੀ ਕੋਈ ਆਸ ਨਹੀਂ ਸੀ। ਹੁਜਰਾ ਸ਼ਾਹ ਮੁਕੀਮ ਦੇ ਲਾਗੇ ਜਾ ਕੇ ਦੋਵੇਂ ਦਲ ਰੁਕ ਗਏ, ਤਾਕਿ ਮਗਰ ਆ ਰਹੀ ਫੌਜ ਨਾਲ ਦੋ ਦੋ ਹੱਥ ਕਰ ਲਏ ਜਾਣ। ਮੁਗਲ ਫੌਜ ਜਿਤ ਦੇ ਜੋਸ਼ ਵਿਚ ਆ ਰਹੀ ਸੀ । ਦੂਜੇ ਪਾਸੇ ਸਿੰਘਾਂ ਨੂੰ ਬਾਸਰਕੇ ਦੀ ਹਾਰ ਦਾ ਬੜਾ ਗੁੱਸਾ ਸੀ। ਦੋਵੇਂ ਧਿਰਾਂ ਇਕ ਦੂਜੇ ਤੇ ਸ਼ੇਰਾਂ ਵਾਂਗ ਟੁਟ ਪਈਆਂ । ਸਿਖ ਇਸ ਬਹਾਦਰੀ ਨਾਲ ਲੜੇ ਕਿ ਸ਼ਾਹੀ ਫੌਜ ਦੇ ਹਜ਼ਾਰਾਂ ਸੂਰਮੇ ਧਰਤੀ ਤੇ ਵਿਛਾ ਦਿਤੇ। ਜਮਾਲ ਖਾਨ, ਤਾਤਾਰ ਖਾਨ, ਦੁਨੀ ਚੰਦ (ਲਖਪਤ ਰਾਏ ਦਾ ਭਤੀਜਾ) ਵਰਗੇ ਜਰਨੈਲ ਮਾਰੇ ਗਏ। ਫੌਜ ਦੇ ਪੈਰ ਉਖੜ ਗਏ। ਆਪਣੇ ਮੁਰਦੇ ਤੇ ਜ਼ਖਮੀ ਛੱਡ ਕੇ ਫੌਜ ਲਾਹੌਰ ਵਲ ਨੱਸ ਗਈ। ਸਿੰਘਾਂ ਦੀ ਮੁਕੰਮਲ ਜਿਤ ਹੋਈ ।[2] ਹਾਰੀ ਹੋਈ ਫੌਜ ਦਾ ਬਹੁਤ ਸਾਰਾ ਸਾਮਾਨ ਤੇ ਘੋੜੇ ਸਿੰਘਾਂ ਦੇ ਹੱਥ ਆਏ । ਇਹ ਸਭ ਕੁਝ ਸਮੇਟ ਕੇ ਸਿੰਘਾਂ ਅੰਮ੍ਰਿਤਸਰ ਵਲ ਧਾਈ ਕਰ ਲਈ। ਮਾਝੇ ਵਿਚ ਦੀ ਆਕੀਆਂ ਦੀ ਆਕੜਾਂ ਭੰਨਦੇ ਆ ਰਹੇ ਸਨ ਕਿ ਸਮੁੰਦ ਖਾਂ ਸੱਜਦ-ਸ਼ਾਹ ਤੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸ਼ਾਹੀ ਫੌਜ ਲੈ ਕੇ ਚੜ੍ਹ ਆਇਆ । ਇਸ ਭੇਤ ਦਾ ਅੱਜ ਤੱਕ ਪਤਾ ਨਹੀਂ ਲੱਗਾ ਕਿ ਐਨੀ ਫੌਜ ਨਾਲ ਹੁੰਦਿਆਂ ਸੁੰਦਿਆਂ ਸਮੁੰਦ ਖਾਨ ਵਰਗੇ ਦਲੇਰ ਜਰਨੈਲ ਨੇ ਸਿੰਘਾਂ ਦਾ ਰਾਹ ਕਿਉਂ ਨਹੀਂ ਰੋਕਿਆ। ਸਿੰਘ ਅੰਮ੍ਰਿਤਸਰੋਂ ਅੱਗੇ ਰਿਆੜਕੀ ਨੂੰ ਨਿਕਲ ਗਏ ਤੇ ਕਲਾਨੌਰ, ਗੁਰਦਾਸਪੁਰ, ਪਠਾਨਕੋਟ ਜਾ ਲੁੱਟੇ। ਫਿਰ ਰਾਵੀ ਟੱਪ ਕੇ ਪਸਰੂਰ, ਸਿਆਲਕੋਟ, ਅਲੀਗੜ੍ਹ, ਵਜ਼ੀਰਾਬਾਦ ਦੇ ਇਲਾਕਿਆਂ ਨੂੰ ਬੁਰੀ ਤਰ੍ਹਾਂ ਲੁੱਟਿਆ ।

ਮਾਝੇ, ਰਿਆੜਕੀ ਤੇ ਰਚਨਾ ਦੁਆਬ ਦੇ ਵੱਡੇ ਵੱਡੇ ਮੁਸਲਮਾਨ ਜ਼ਿਮੀਦਾਰ ਤੇ ਚੌਧਰੀ ਲਾਹੌਰ ਜ਼ਕਰੀਆ ਖਾਨ ਪਾਸ ਜਾ ਪਿੱਟੇ ਕਿ ਸਾਨੂੰ ਸਿੰਘਾਂ ਤੋਂ ਬਚਾਓ। ਇਨ੍ਹਾਂ ਨਾਲ ਅੱਗੇ ਵਾਂਗ ਸੁਲਾਹ ਸਫ਼ਾਈ ਕਰ ਲਵੋ ਜਾਂ ਫਿਰ ਕੋਈ ਐਸੀ ਵਡੀ ਮੁਹਿੰਮ ਇਨ੍ਹਾਂ ਵਿਰੁਧ ਚੜ੍ਹਾਉ ਜੋ ਇਨ੍ਹਾਂ ਦਾ ਖੁਰਾ ਖੋਜ ਪੰਜਾਬ ਵਿਚੋਂ ਮਿਟਾ ਦੇਵੇ। ਖਾਨ ਬਹਾਦਰ ਤਾਂ ਅੱਗੇ ਹੀ ਆਪਣੇ ਵਲੋਂ ਪੂਰੀ ਵਾਹ ਲਾ ਥੱਕਾ ਸੀ। ਉਸ ਦੀਆਂ ਗਸ਼ਤੀ ਫੌਜਾਂ ਨੇ ਵੀ ਕੋਈ ਨਾਮਣਾ ਖਟਣ ਵਾਲਾ ਕੰਮ ਨਹੀਂ ਸੀ ਕੀਤਾ । ਉਲਟਾ ਮਾਰ ਖਾ ਕੇ ਮੁੜਦੀਆਂ ਰਹੀਆਂ। ਦਿੱਲੀ ਦੀ ਸ਼ਾਹੀ ਫੌਜ ਸਿੰਘਾਂ ਨੂੰ ਮਾਰ ਮੁਕਾਉਣ ਆਈ ਵੀ ਝਖ ਮਾਰ ਕੇ ਮੁੜ ਗਈ ਸੀ। ਲੋਕ ਵੀ ਸੱਚੇ ਸਨ। ਖਾਨ ਬਹਾਦਰ ਵੀ ਸੱਚਾ ! ਕਰੇ ਤੇ ਕੀ ਕਰੇ !!

**ਅੰਮ੍ਰਿਤਸਰ ਸ਼ਾਹੀ ਕਬਜ਼ੇ ਵਿਚ–**

ਰੋਜ਼ ਦੀਆਂ ਸ਼ਿਕਾਇਤਾਂ ਤੇ ਸਿੰਘਾਂ ਦੀਆਂ ਦਿਨ-ਬ-ਦਿਨ ਵਧਦੀਆਂ ਕਾਰਵਾਇਆਂ ਤੋਂ ਖਾਨ ਬਹਾਦਰ, ਬਹੁਤ ਦੁਖੀ ਸੀ। ਇਸ ਪਰੇਸ਼ਾਨੀ ਦੀ ਹਾਲਤ ਵਿਚ ਇਕ ਦਿਨ ਉਸ ਨੇ ਸਿਆਣੇ ਮੌਲਵੀਆਂ, ਕਾਜ਼ੀਆਂ ਤੇ ਨਜੂਮੀਆਂ ਨੂੰ ਦਰਬਾਰ ਵਿਚ ਬੁਲਾ ਕੇ ਪੁਛਿਆ ਕਿ ਇਹ ਸਿੰਘ ਏਨੇ ਮਾਰ ਖਪਾਏ ਹਨ, ਘਰਾਂ ਘਾਟਾਂ ਤੋਂ ਕੱਢ ਛੱਡੇ ਹਨ, ਕਿਧਰੇ ਮੁੱਕਣ ਵਿਚ ਨਹੀਂ ਆਉਂਦੇ, ਸਗੋਂ ਰੋਜ਼ ਬਰੋਜ਼ ਵਧਦੇ ਹੀ ਜਾਂਦੇ ਹਨ, ਇਸ ਦਾ ਕੀ ਕਾਰਨ ਹੈ ? ਤੁਸੀਂ ਦਸੋ ਕਿ ਇਨ੍ਹਾਂ ਨੂੰ ਕਿਵੇਂ ਮੁਕਾਇਆ ਜਾਵੇ ? ਅਗੋਂ ਉਨ੍ਹਾਂ ਜਵਾਬ ਦਿਤਾ, "ਇਨ੍ਹਾਂ ਦਾ ਗੁਰੂ ਅੰਮ੍ਰਿਤਸਰ ਵਿਖੇ ਇਕ ਤਾਲਾਬ (ਸਰੋਵਰ) ਬਣਾ ਕੇ ਉਸ ਵਿਚ ਆਬੇ-ਹਯਾਤ ਪਾ ਗਿਆ ਹੈ । ਓਥੋਂ ਨਹਾ ਕੇ ਤੇ ਆਬੇ-ਹਯਾਤ ਪੀ ਕੇ ਅਮਰ ਹੋ ਜਾਂਦੇ ਹਨ। ਫਿਰ ਇਹ ਕਿਸੇ ਦੇ ਮਾਰਨ ਗੋਚਰੇ ਨਹੀਂ ਰਹਿ ਜਾਂਦੇ। ਇਨ੍ਹਾਂ ਦੇ


www.AKJ.org

ਨਾ ਮਰਨ ਤੇ ਵਧੀ ਜਾਣ ਦਾ ਇਹੋ ਕਾਰਨ ਹੈ। ਜੇ ਸਿੰਘਾਂ ਦਾ ਅੰਮ੍ਰਿਤਸਰ ਜਾਣਾ ਬੰਦ ਕਰ ਦੇਈਏ, ਤਾਂ ਫਿਰ ਉਸ ਆਬੇ-ਹਯਾਤ ਵਾਲੇ ਤਾਲਾਬ ਵਿਚ ਨਾ ਨਹਾ ਸਕਣਗੇ ਤੇ ਨਾ ਹੀ ਉਸ ਚੋਂ ਆਬੇ-ਹਯਾਤ ਪੀ ਸਕਣਗੇ ਫਿਰ ਇਨ੍ਹਾਂ ਵਿਰੁਧ ਕਿਸੇ ਮੁਹਿੰਮ ਦੀ ਲੋੜ ਨਹੀਂ, ਅੱਲਾ ਦੇ ਫ਼ਜ਼ਲ ਨਾਲ ਆਪਣੇ ਆਪ ਹੀ ਖ਼ਤਮ ਹੋ ਜਾਣਗੇ।'

ਮੌਲਵੀਆਂ, ਨਜੂਮੀਆਂ ਤੇ ਕਾਜ਼ੀਆਂ ਦੀ ਇਹ ਦਲੀਲ ਸੁਣ ਕੇ ਖਾਨ ਬਹਾਦਰ ਨੇ ਕਾਜ਼ੀ ਅਬਦੁੱ-ਰਹਿਮਾਨ ਤੇ ਮੁਹੰਮਦ ਬਖ਼ਸ਼ ਨੂੰ ਦੋ ਹਜ਼ਾਰ ਸ਼ਾਹੀ ਫੌਜ ਦੇ ਕੇ ਅੰਮ੍ਰਿਤਸਰ ਨੂੰ ਕਬਜ਼ੇ ਵਿਚ ਲੈ ਲੈਣ ਲਈ ਭੇਜ ਦਿਤਾ। ਨਾਲ ਹੀ ਪਕਿਆਈ ਕੀਤੀ ਕਿ ਕੋਈ ਸਿਖ ਅੰਮ੍ਰਿਤਸਰ ਦੇ ਲਾਗੇ ਵੀ ਨਾ ਫਟਕਣ ਦਿਤਾ ਜਾਵੇ। ਉਨ੍ਹਾਂ ਆਉਂਦਿਆਂ ਹੀ ਸ਼ਹਿਰ ਤੇ ਕਬਜ਼ਾ ਕਰ ਲਿਆ ਤੇ ਸਰੋਵਰ ਦੁਆਲੇ ਸਖ਼ਤ ਪਹਿਰਾ ਬੈਠਾ ਦਿਤਾ ਕਿ ਕੋਈ ਸਿਖ ਉਸ ਵਿਚ ਇਸ਼ਨਾਨ ਨਾ ਕਰ ਸਕੇ ਜਾਂ ਉਸ ਚੋਂ ਅੰਮ੍ਰਿਤ ਨਾ ਪੀ ਸਕੇ।

ਇਸ ਅਤੀ ਔਖ ਦੇ ਸਮੇਂ ਵੀ ਭਾਈ ਮਨੀ ਸਿੰਘ ਜੀ ਆਪਣੇ ਚੰਦ ਸਾਧੂ ਸੰਤ ਸਾਥੀਆਂ ਤੇ ਮੁਸਲਮਾਨ ਫਕੀਰਾਂ, ਜੋ ਭਾਈ ਸਾਹਿਬ ਦੇ ਵਸੀਉਲਕਲਬ (ਵਿਸ਼ਾਲ ਹਿਰਦਾ) ਸੁਲਾਹਕੁਲ (ਸਰਵ ਪ੍ਰੇਮੀ) ਜ਼ਾਹਰੋ ਬਾਤਨ ਏਕ (ਅੰਦਰੋਂ ਬਾਹਰੋਂ ਇੱਕੋ ਰੂਪ) ਦੇ ਦੈਵੀ ਗੁਣਾਂ ਕਾਰਨ, ਨਾਲ ਬੜੇ ਪਿਆਰ ਸਤਿਕਾਰ ਨਾਲ ਅੰਮ੍ਰਿਤਸਰ ਰਹਿੰਦੇ ਸਨ। ੧੭੨੧ ਈ. ਤੋਂ ਹਰਿਮੰਦਰ ਸਾਹਿਬ ਦੀ ਸੇਵਾ ਕਰਦੇ ਆ ਰਹੇ ਸਨ, ਤੇ ਲੰਗਰ ਵੀ ਚਲਾ ਰਹੇ ਸਨ। ਇਨ੍ਹਾਂ ਦਾ ਪੁਸ਼ਾਕਾ ਸਿਧਾ ਸਾਦਾ ਤੇ ਸਫ਼ੈਦ ਦਸਤਾਰ ਸਾਧੂਆਂ ਵਾਲੀ ਸੀ, ਰਾਠ ਸਿੰਘਾਂ ਦੇ ਬਸਤਰਾਂ ਤੇ ਖਾਸ ਕਰ ਦਸਤਾਰ ਦਾ ਫ਼ਰਕ ਸੀ। ਦਰਬਾਰ ਸਾਹਿਬ ਤੇ ਕਬਜ਼ਾ ਹੋ ਜਾਣ ਤੇ ਵੀ ਇਨ੍ਹਾਂ ਨੂੰ ਜਾਂ ਇਨ੍ਹਾਂ ਦੇ ਨਿਰਮਲੇ ਉਦਾਸੀ ਸਾਥੀਆਂ ਨੂੰ ਕਿਸੇ ਨੇ ਕੁਝ ਨਾ ਕਿਹਾ।

ਕਾਜ਼ੀ ਅਬਦੁੱਰਹਿਮਾਨ ਬੜਾ ਮੁਤਅਸਬੀ ਤੇ ਸਿੰਘਾਂ ਦਾ ਵੱਡਾ ਵੈਰੀ ਸੀ। ਉਹ ਸਮਝੀ ਬੈਠਾ ਸੀ ਕਿ ਬਸ ਹੁਣ ਸਿਖ ਖ਼ਤਮ ਹੋਏ ਕਿ ਹੋਏ। ਇਸ ਨੇ ਇਕ ਦਿਨ ਲੋਕਾਂ ਵਿਚ ਖਲੋ ਕੇ ਕਿਹਾ, 'ਜੇ ਕੋਈ ਸਿੰਘ ਹੁਣ ਅੰਮ੍ਰਿਤਸਰ ਆ ਕੇ ਇਸ਼ਨਾਨ ਕਰ ਜਾਏ ਤਾਂ ਮੈਂ ਉਸ ਨੂੰ ਅਸਲ ਸਿੰਘ ਸਮਝਾਂਗਾ। ਨਹੀਂ ਤਾਂ ਇਹ ਨਿਰੋਲ ਗਿਦੜ ਹਨ, ਸਿੰਘ (ਸ਼ੇਰ) ਨਾਮ ਨੂੰ ਸਿਰਫ਼ ਲਾਜ ਹੀ ਲਾ ਰਹੇ ਹਨ। ਕਾਜ਼ੀ ਦੀ ਇਹ ਹੰਕਾਰ ਭਰੀ ਬਕਵਾਸ ਉਡਦੀ ਉਡਦੀ ਖ਼ਾਲਸਾ ਦਲ ਵਿਚ ਵੀ ਪਹੁੰਚ ਗਈ। ਸਿੰਘਾਂ ਦੀ ਜੂਹ ਵਿਚ ਕਾਜ਼ੀ ਦੀ ਬੜ੍ਹਕ ? ਸ: ਸੁਖਾ ਸਿੰਘ ਮਾੜੀ ਕੰਬੋਕੀ ਤੇ ਸ: ਥੱਰਾਜ (ਭਾਈ ਮਨੀ ਸਿੰਘ ਜੀ ਦਾ ਭਤੀਜਾ) ਆਪਣੇ ਵਰਗਿਆਂ ਮਨ-ਚਲੇ ੫੦ ਸਿੰਘਾਂ ਦਾ ਜਥਾ ਲੈ ਕੇ ਇਸ਼ਨਾਨ ਕਰਨ ਵਾਸਤੇ ਅੰਮ੍ਰਿਤਸਰ ਸਾਹਿਬ ਨੂੰ ਤੁਰ ਪਏ। ਕਰੀਬ ਪਹੁੰਚ ਕੇ ਜਥੇ ਨੂੰ ਤਾਂ ਚਾਟੀਵਿੰਡ ਦਰਵਾਜ਼ਿਓਂ ਬਾਹਰ ਖਲ੍ਹਾਰ ਦਿਤਾ ਤੇ ਆਪ ਦੋਵੇਂ ਭੇਸ ਬਦਲ ਕੇ ਘੋੜਿਆਂ ਤੇ ਚੜ੍ਹੇ ਚੜ੍ਹਾਏ ਸਰੋਵਰ ਤੇ ਪੁਜੇ। ਅਜੇ ਰਾਤ ਦਾ ਪਿਛਲਾ ਪਹਿਰ, ਭਾਵ, ਅੰਮ੍ਰਿਤ ਵੇਲਾ ਹੀ ਸੀ। ਸ਼ਾਹੀ ਸੈਨਾ ਦੇ ਸਿਪਾਹੀ ਇਸ ਹੰਕਾਰ ਵਿਚ ਮਸਤ ਕਿ ਸਿਖਾਂ ਦੀ ਕੀ ਮਜਾਲ ਨਜ਼ਦੀਕ ਵੀ ਫੜਕ ਜਾਣ, ਇਸ਼ਨਾਨ ਕਰਨਾ ਤਾਂ ਇਕ ਪਾਸ ਰਿਹਾ, ਆਪਣੇ ਤੰਬੂਆਂ ਵਿਚ ਬੇਫ਼ਿਕਰ ਸੁਤੇ ਪਏ ਸਨ। ਦੋਹਾਂ ਸਿੰਘਾਂ ਨੇ ਪਹਿਲਾਂ ਅੰਮ੍ਰਿਤ ਰੂਪੀ ਜਲ ਘੋੜਿਆਂ ਨੂੰ ਪਿਆਇਆ, ਤੇ ਫਿਰ ਇਸ਼ਨਾਨ ਪਾਨ ਕੀਤਾ। ਹਰਿਮੰਦਰ ਸਾਹਿਬ ਨੂੰ ਦੂਰੋਂ ਹੀ ਨਮਸਕਾਰ ਕੀਤਾ ਤੇ ਜੈਕਾਰੇ ਛਡਦੇ ਘੋੜਿਆਂ ਤੇ ਸਵਾਰ ਹੋ, ਕਾਜ਼ੀ ਨੂੰ ਵੰਗਾਰਦੇ ਹੋਏ ਕਿ ਤੇਰੇ ਕੁਥਾਂ ਲਗਦੇ (ਜੁਆਈ) ਅਸੀਂ ਇਸ਼ਨਾਨ ਕਰ ਚੱਲੇ ਹਾਂ। ਬਣ ਪਿਉ ਦਾ ਪੁਤ ਤੇ ਹੋ ਸ਼ੇਰਾਂ ਦੇ ਸਾਹਮਣੇ। ਘੂਕ ਸੁਤਿਆਂ ਜਦ ਅਚਨਚੇਤ ਜੈਕਾਰੇ ਸੁਣੇ, ਸ਼ਾਹੀ ਸੈਨਾ ਵਿਚ ਹਲਚਲ ਮੱਚ ਗਈ। "ਬੱਚ ਜੋ, ਬਚ ਜੋ, ਸਿੰਘ ਆ ਪਏ, ਸਿੰਘ ਆ ਪਏ" ਦੇ ਆਵਾਜ਼ਿਆਂ ਨਾਲ ਭਗਦੜ ਮੱਚ ਗਈ। ਜਿਸ ਪਾਸੇ ਕਿਸੇ ਦਾ ਮੂੰਹ ਹੋਇਆ, ਸ਼ੂਟਾਂ ਲਾ ਗਿਆ। ਕਾਜ਼ੀ ਅਬਦੁੱਰਹਿਮਾਨ ਵੀ ਘਬਰਾ ਗਿਆ। ਪਰ ਦੂਜਿਆਂ ਤੋਂ ਅਪਣਾ ਡਰ ਤੇ ਬੁਜ਼ਦਿਲੀ ਲੁਕਾਉਣ ਲਈ ਭਜਦਿਆਂ ਮੁਸਲਮਾਨਾਂ ਨੂੰ ਹਲਾ-ਸ਼ੇਰੀ ਦੇਂਦਾ ਹੋਇਆ ਲਲਕਾਰਨ ਲਗਾ ਕਿ ਗਾਜ਼ੀਓ, ਭਜੋ ਨਾ, ਸਿੰਘ ਥੋੜੇ ਹੀ ਹਨ, ਤਕੜੇ ਹੋ ਕੇ ਫੜ ਲਵੋ, ਨਿਕਲ ਨਾ ਜਾਣ।

ਸਿੰਘ ਜੇ ਚਾਹੁੰਦੇ ਤਾਂ ਚੁਪ ਚਾਪ ਅੰਨ੍ਹੇਰੇ ਵਿਚ ਅਲੋਪ ਹੋ ਸਕਦੇ ਸਨ। ਪਰ ਉਨ੍ਹਾਂ ਨੇ ਮਤਾ ਪਕਾ ਲਿਅ


www.AKJ.Org

ਸੀ ਕਿ ਖ਼ਾਲੀ ਨਾ ਮੁੜੀਏ, ਕਾਜ਼ੀ ਨੂੰ ਸਿੰਘਾਂ ਵਾਲਾ ਨਜ਼ਾਰਾ ਵਿਖਾ ਕੇ ਹੀ ਜਾਈਏ। ਕੀ ਕਹੇਗਾ ਕਿ ਚੁਪ ਚੁਪੀਤੇ ਇਸ਼ਨਾਨ ਕਰ ਕੇ ਚਲੇ ਗਏ। ਚਾਟੀਵਿੰਡ ਦਰਵਾਜ਼ਿਓਂ ਬਾਹਰ ਹੋ ਕੇ ਜੈਕਾਰੇ ਛੱਡੇ। ਕਾਜ਼ੀ ਤੇ ਉਸ ਦਾ ਪੁਤਰ ਫੌਜ ਨੂੰ ਡੁੱਕਰ ਕੇ ਉਸ ਪਾਸੇ ਵਲ ਵਧੇ। ਉਹ ਦਰਵਾਜ਼ਿਓਂ ਬਾਹਰ ਨਿਕਲੇ ਹੀ ਸਨ ਕਿ ਤੇਗ਼ਾਂ ਸੂਤੀ ਤਿਆਰ ਖੜੇ ਸਿੰਘ ਵਧੇ ਆ ਰਹੇ ਦੁਸ਼ਮਣ ਤੇ ਸ਼ੇਰਾਂ ਵਾਂਗ ਝਪਟ ਪਏ। ਥੋੜਾ ਚਿਰ ਖ਼ੂਬ ਤਲਵਾਰ ਚਲੀ। ਸਿੰਘਾਂ ਆਪਣੀਆਂ ਰੀਝਾਂ ਲਾਹੀਆਂ। ਸ਼ਾਹੀ ਸੈਨਾ ਦੇ ਲੱਗ ਪੱਗ ਸੌ ਦੇ ਕਰੀਬ ਆਦਮੀ ਫਟੜ ਹੋਏ ਜਾਂ ਮਾਰੇ ਗਏ। ਕਾਜ਼ੀ ਅਬਦੁੱਰਹਿਮਾਨ ਤੇ ਉਸ ਦਾ ਪੁੱਤਰ ਵੀ ਮਾਰੇ ਗਏ।[੩] ਚਾਨਣ ਹੋਣ ਤੋਂ ਪਹਿਲਾਂ ਹੀ ਸਿੰਘ ਸੂਟ ਮਾਰ ਕੇ ਜੰਗਲ ਵਿਚ ਜਾ ਵੜੇ। ਸ਼ਾਹੀ ਸੈਨਾ ਨੂੰ ਹਿੰਮਤ ਨਾ ਹੋਈ ਕਿ ਸਿੰਘਾਂ ਦਾ ਪਿੱਛਾ ਕਰਨ ਲਈ ਜੰਗਲ ਵਿਚ ਜਾਵੇ। ਜੰਗਲ ਵਿਚ ਵੜਨਾ ਤਾਂ ਉਨ੍ਹਾਂ ਨੂੰ ਮੌਤ ਵਿਖਾਲੀ ਦੇਂਦਾ ਸੀ।

ਫੜਾਂ ਮਾਰਨ ਵਾਲੇ ਕਾਜ਼ੀ ਨੇ ਆਪ ਤਾਂ ਮਰਨਾ ਹੀ ਸੀ, ਨਾਲ ਪੁਤ ਨੂੰ ਵੀ ਲੈ ਡੁੱਬਾ। ੧੦੦ ਕੁ ਹੋਰ ਬੰਦੇ ਸਿੰਘ ਚੀਰ ਪਾੜ ਕੇ ਸੁਟ ਗਏ ਸਨ। ਜਦ ਇਸ ਘਟਨਾ ਦੀ ਖ਼ਬਰ ਲਾਹੌਰ ਪੁੱਜੀ ਤਾਂ ਜ਼ਕਰੀਆ ਖਾਨ ਨੇ ਗਸ਼ਤੀ ਫੌਜ ਦੀ ਗਿਣਤੀ ਬਹੁਤ ਵਧਾ ਦਿਤੀ। ਅਫਸਰਾਂ ਨੂੰ ਡਾਢੀ ਸਖ਼ਤੀ ਕਰਨ ਦੇ ਹੁਕਮ ਦਿਤੇ। ਸਿੰਘਾਂ ਦੀ ਗਿਣਤੀ ਫੌਜ ਦੇ ਮੁਕਾਬਲੇ ਵਿਚ ਬਹੁਤ ਥੋੜੀ ਸੀ। ਸਿੰਘ ਵਕਤ ਵਿਚਾਰ ਕੇ ਸਤਲੁਜ ਟੱਪ ਕੇ ਮਾਲਵੇ ਨੂੰ ਚਲੇ ਗਏ ਤੇ ਲੁੱਟ ਮਾਰ ਕਰਦੇ ਹੋਏ ਹਾਂਸੀ ਹਿਸਾਰ ਤੱਕ ਇਲਾਕੇ ਸੁਕ-ਮਾਂਜ ਕਰ ਦਿਤੇ। ਲਾਹੌਰੋਂ ਚੜ੍ਹ ਕੇ ਆਈ ਗਸ਼ਤੀ ਫੌਜ ਸਿੰਘਾਂ ਦਾ ਤਾਂ ਨਾ ਕੁਝ ਵਿਗਾੜ ਸਕੀ, ਪਰ ਮਾਝੇ ਰਿਆੜਕੀ ਵਿਚ ਉਨ੍ਹਾਂ ਦੇ ਸਾਕ-ਸੰਬੰਧੀਆਂ ਉਤੇ ਬੜਾ ਕੱਸ ਪਾਇਆ, ਬੜੇ ਜ਼ੁਲਮ ਕੀਤੇ। ਘਰ ਬਾਰ ਲੁਟ ਪੁਟ ਲਏ। ਇਹ ਘਟਨਾਵਾਂ ਸੰਮਤ ੧੭੯੪ ਬਿ: (ਮੁਤਾਬਕ ੧੭੩੭ ਈ:) ਦੀਆਂ ਹਨ।

**ਦੀਵਾਨ ਲਖਪਤ ਰਾਏ ਦਾ ਕੁਕਰਮ—**

ਲਾਹੌਰੋਂ ਦੀਵਾਨ ਲਖਪਤ ਰਾਏ ਨੂੰ ਸਖ਼ਤ ਹਦਾਇਤ ਦੇ ਕੇ ਭੇਜਿਆ ਗਿਆ ਕਿ ਅੰਮ੍ਰਿਤਸਰ ਦਾ ਕਰੜਾ ਪ੍ਰਬੰਧ ਕਰੇ। ਇਹ ਮੁਸਲਮਾਨਾਂ ਨਾਲੋਂ ਵਧੇਰੇ ਹੀ ਮੁਗ਼ਲ ਰਾਜ ਦਾ ਖ਼ੈਰਖ਼ਾਹ ਤੇ ਵਫ਼ਾਦਾਰ ਸੀ। ਭਤੀਜੇ ਦਾ ਵੀ ਦੁਖ ਸੀ, ਜੋ ਹੁਜਰਾ ਸ਼ਾਹ ਮੁਕੀਮ ਦੀ ਲੜਾਈ ਵਿਚ ਸਿੰਘਾਂ ਹਥੋਂ ਮਾਰਿਆ ਗਿਆ ਸੀ। ਇਸ ਨੇ ਚਾਹਿਆ ਕਿ ਪਹਿਲਿਆਂ ਨਾਲੋਂ ਜ਼ਿਆਦਾ ਕਰ ਵਿਖਾਵੇ। ਇਸ ਨੇ ਸਿੰਘਾਂ ਦੇ ਇਸ਼ਨਾਨ ਪਾਨ ਦਾ ਰੇੜਕਾ ਹੀ ਮੁਕਾ ਦੇਣ ਦੀ ਧਾਰ ਕੇ ਸਰੋਵਰ ਮਿਟੀ ਘਟੇ ਨਾਲ ਪੁਰਵਾਉਣਾ ਸ਼ੁਰੂ ਕਰ ਦਿਤਾ। ਬਹੁਤ ਸਾਰਾ ਸਰੋਵਰ ਪੂਰ ਦਿਤਾ ਗਿਆ। ਉਥੋਂ ਦਾ ਅਫਸਰ ਕਾਜ਼ੀ ਅਬਦੁਲ ਰਜ਼ਾਕ ਨੂੰ ਥਾਪਿਆ। ਇਹ ਬੜਾ ਜਨੂੰਨੀ ਕਿਸਮ ਦਾ ਮੁਸਲਮਾਨ ਸੀ। ਇਸ ਨੇ ਸਰਕਾਰ ਨੂੰ ਤਜਵੀਜ਼ ਦਿਤੀ ਕਿ ਸਰੋਵਰ ਪੂਰ ਤੇ ਹਰਿਮੰਦਰ ਸਾਹਿਬ ਢਾਹ ਕੇ ਇਥੇ ਸ਼ਹਿਰ ਦੇ ਮੁਸਲਮਾਨਾਂ ਲਈ ਈਦਗਾਹ ਬਣਾ ਦਿਤੀ ਜਾਵੇ। ਦੀਵਾਨ ਲਖਪਤ ਰਾਏ ਨੇ ਇਸ ਨੂੰ ਚੰਗੀ ਹਲਾ ਸ਼ੇਰੀ ਦਿਤੀ ਕਿ ਇਸ ਕੰਮ ਦੀ ਪੂਰਤੀ ਲਈ ਸਰੋਵਰ ਮੁੰਦਣ ਦਾ ਕੰਮ ਮੱਠਾ ਨਾ ਹੋਣ ਦਿਤਾ ਜਾਵੇ।

ਭਾਈ ਮਨੀ ਸਿੰਘ ਜੀ ਨੇ ਆਪਣਾ ਪ੍ਰਚਾਰ ਜਾਰੀ ਰਖਿਆ ਸੀ। ਜਦ ਕੋਈ ਮੁਸਲਮਾਨ ਦਰਬਾਰ ਸਾਹਿਬ ਦੀ ਬੇ-ਅਦਬੀ ਕਰਨ ਆਉਂਦਾ ਤਾਂ ਉਸ ਨੂੰ ਬੜੀ ਹਲੀਮੀ ਤੇ ਮਿੱਠੀ ਬੋਲੀ ਨਾਲ ਸੰਤਾਂ, ਸੂਫੀ ਫਕੀਰਾਂ ਵਾਲੀਆਂ ਗੱਲਾਂ, ਬਿਨਾ ਪਖਪਾਤ ਦੇ ਸੁਣਾ ਕੇ ਮੋਮ ਕਰ ਲੈਂਦੇ। ਜਿਸ ਤੋਂ ਉਹ ਬੇ-ਅਦਬੀ ਕਰਨੋਂ ਬਾਜ਼ ਆ ਕੇ ਕੁਝ ਸੇਵਾ ਹੀ ਕਰ ਜਾਂਦਾ। ਉਨ੍ਹਾਂ ਦੀ ਸ਼ਖ਼ਸੀਅਤ ਬੜੀ ਕਸ਼ਸ਼ ਵਾਲੀ ਸੀ। ਨਿਰਮਲੇ ਸਾਧੂਆਂ ਵਾਲਾ ਫਕੀਰੀ ਭੇਸ, ਨੇਕ ਚਾਲ ਚਲਣ, ਬੜਾ ਪ੍ਰਭਾਵ-ਸ਼ਾਲੀ ਖ਼ੂਬਸੂਰਤ ਤੇ ਸੁਰਖ਼ ਚਿਹਰਾ, ਸਾਧੂ ਸੁਭਾਵ, ਬੜੀ ਮਿੱਠੀ ਜ਼ਬਾਨ ਨਿਰਪੱਖ ਗੱਲ ਬਾਤ, ਨਾਲ ਨਿਰਮਲੇ ਉਦਾਸੀ, ਮੁਸਲਮਾਨ ਫਕੀਰਾਂ ਦਾ ਰਹਿਣਾ, ਲੰਗਰ ਚਲਦਾ ਵੇਖ ਕੇ ਹਰ ਕੋਈ ਮੋਮ ਹੋ ਜਾਂਦਾ। ਏਸ ਤਰ੍ਹਾਂ ਕਈ ਢੰਗ ਉਪਾਵ ਕਰ ਕੇ ਭਾਈ ਸਾਹਿਬ ਦਰਬਾਰ ਸਾਹਿਬ ਦੀ ਸੇਵਾ ਕਰਦੇ ਰਹੇ। ਜਿਵੇਂ ਪਹਿਲਾਂ ਦਸਿਆ ਹੈ ਕਿ ਕਿਸੇ ਨੇ ਇਨ੍ਹਾਂ ਤੇ ਇਤਰਾਜ਼ ਨਾ ਕੀਤਾ, ਨਾ ਉਨ੍ਹਾਂ ਪ੍ਰਤੀ ਕਿਸੇ ਨੂੰ ਕੋਈ ਸ਼ੱਕ ਹੀ ਪਿਆ।

(ਫੁਟਨੋਟ ਸਫਾ ੬੬ ਹੇਠ ਦੇਖੋ) **[ਚਲਦਾ]**



www.AKJ.Org

# ਗੁਰਮਤਿ ਅਨਹਦ ਸ਼ਬਦ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਨੋਟ—ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਉਨ੍ਹਾਂ ਦੇ ਰੰਗਲੇ ਸੰਗੀ ਸਾਥੀ ਨਾਮ-ਰਸੀਅੜੇ ਗੁਰਸਿਖਾਂ ਨੇ ਦਸਮ ਦੁਆਰ ਅਤੇ ਅਨਹਦ ਸ਼ਬਦ ਦੀਆਂ ਖੇਡਾਂ ਨਿਜ ਜੀਵਨਾਂ ਵਿਚ ਵਾਪਰਦੀਆਂ ਵੇਖੀਆਂ ਪਰਖੀਆਂ ਹਨ। ਉਨ੍ਹਾਂ ਦੇ ਅਧਾਰ ਤੇ ਭਾਈ ਸਾਹਿਬ ਜੀ ਨੇ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਲਿਖੀ ਹੈ। ਇਹ ਪੁਸਤਕ ਵਾਚਿਆਂ ਹੀ 'ਗੁਰਮਤਿ ਅਨਹਦ ਸ਼ਬਦ' ਦੀ ਸਹੀ ਸੋਝੀ ਹੋ ਸਕਦੀ ਹੈ। ਹੇਠ ਲਿਖਿਆ ਲੇਖ ਵੀ ਇਸੇ ਪੁਸਤਕ ਦੇ ਅਧਾਰ ਤੇ ਲਿਖਿਆ ਗਿਆ ਹੈ।

ਧੁਰੋਂ ਪਠਾਏ ਸੰਤ-ਸਤਿਗੁਰਾਂ ਨੇ ਜੋ ਕੁਝ ਧੁਰੋਂ-ਧੁਰਾਈ ਬਾਣੀ ਦੁਆਰਾ ਉਚਾਰਿਆ ਹੈ, ਸੋ ਤੱਤ ਵਾਸਤਵ ਸਾਖੀ ਭਰੀ ਹੈ। ਇਸ ਵਿਚ ਰੰਚਕ ਭੀ ਸੰਸਾ-ਸੰਦੇਹ ਨਹੀਂ। ਗੁਰਬਾਣੀ ਦੇ ਸ਼ਰਧਾਲੂ ਜਗਿਆਸੂਆਂ ਨੂੰ ਗੁਰਬਾਣੀ ਵਿਚ ਨਿਰੂਪਨ ਕੀਤੇ ਗਏ ਸਮੱਗਰ ਬਚਨਾਂ ਨੂੰ ਸਤਿ ਸਤਿ ਕਰਕੇ ਮੰਨਣ ਅਤੇ ਕਮਾਵਣ ਦੀ ਅਥਾਹ ਸ਼ਰਧਾ ਹੁੰਦੀ ਹੈ। ਅਜਿਹੀ ਸ਼ਰਧਾ ਵਿਚ ਸ਼ਰਧੰਤ ਹੋ ਕੇ ਨਾਮ ਅਭਿਆਸ ਦੀ ਸਫਲ ਕਮਾਈਆਂ ਵਾਲੀ ਘਾਲਣਾ ਘਾਲਣਹਾਰੇ ਸ਼ਰਧਾਲੂ ਜਨਾਂ ਨੂੰ ਦਸਮ-ਦੁਆਰ-ਗੰਮਤਾ ਪ੍ਰਾਪਤ ਹੁੰਦੀ ਹੈ ਅਤੇ ਅਵੱਸ਼ ਹੁੰਦੀ ਹੈ।

ਦਸਮ ਦੁਆਰ ਦੀ ਅਨਹਦ ਸ਼ਬਦੀ ਖੇਡ ਕੇਵਲ ਗੁਰੂ-ਘਰ ਅੰਦਰ ਹੀ ਵਰਤਦੀ ਹੈ ਤੇ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਵਰਤਦੀ ਹੈ। ਪੂਰਨ ਗੁਰਮਤਿ ਧਾਰਨ ਕੀਤਿਆਂ* ਅਤੇ ਨਾਮ-ਸਿਮਰਨ ਦੀ ਸਾਸ ਗਿਰਾਸ ਘਾਲ ਕਮਾਈ ਕੀਤਿਆਂ ਦਹਦਿਸ ਧਾਂਵਦਾ ਮਨ, ਵਸ ਵਿਚ ਆ ਜਾਂਦਾ ਹੈ ਅਤੇ ਆਪਣੇ ਜੋਤਿ ਸਰੂਪੀ ਮੂਲ-ਘਰ ਵਿਚ ਆਣ ਸਥਿਤ ਹੁੰਦਾ ਹੈ। ਇਸ ਅਵਸਥਾ ਵਿਚ ਨਿਮਗਨ ਹੋਇਆ ਮਨ, ਨਾਮ ਹੀ ਵਿਹਾਝਦਾ ਹੈ ਅਤੇ ਨਾਮ ਵਿਚ ਹੀ ਚਤੋ-ਪਹਿਰ ਲੀਨ ਰਹਿੰਦਾ ਹੈ। ਇਕ ਛਿਨ ਲਈ ਵੀ ਚਲਾਇਮਾਨ ਨਹੀਂ ਹੁੰਦਾ। ਮਨ ਦੇ ਨਿਜ ਘਰ ਵਿਚ ਸਥਿਤ ਹੋਣ ਉਪਰ ਹੀ ਦਸਮ ਦੁਆਰ ਖੁਲ੍ਹਣ ਦੀ ਅਲੌਕਿਕ ਤੇ ਬਿਸਮਾਦੀ ਖੇਡ ਵਰਤਦੀ ਹੈ।

ਜਿੰਨਾ ਪਸਾਰਾ ਤ੍ਰਿਭਵਣੀ ਜਗਤ ਦਾ ਹੈ ਓਨਾ ਹੀ ਇਸ ਕਾਇਆਂ ਅੰਦਰ ਹੈ। ਪਰ ਬਾਹਰ-ਮੁਖੀ ਹੋਇਆ ਮਨ ਕਦੀ ਅੰਦਰ ਝਾਤੀ ਪਾ ਕੇ ਵੇਖਣ ਦਾ ਜਤਨ ਹੀ ਨਹੀਂ ਕਰਦਾ। ਅੰਤਰਮੁਖੀ ਹੋਣ ਲਈ ਮਾਇਆ ਦਾ ਤਿਆਗ ਕਰ ਕੇ, ਨਾਮ ਦੀ ਟੇਕ ਲੈਣੀ ਜ਼ਰੂਰੀ ਹੈ। ਦਿਬ-ਮੰਡਲ ਦਸਮ-ਦੁਆਰ ਦਾ ਉਘਾੜ ਨਾਮ ਦੀ ਅਤੁਟ ਕਮਾਈ ਦੁਆਰਾ ਹੀ ਹੋ ਸਕਦਾ ਹੈ ਅਤੇ ਅਕਾਲ ਪੁਰਖ ਦਾ ਪਰਤੱਖ ਦੀਦਾਰ ਦਸਮ ਦੁਆਰ ਦੇ ਉਘਾੜ ਹੋਣ ਤੇ ਹੀ ਹੋ ਸਕਦਾ ਹੈ, ਇਹ ਪੱਕੀ ਸ਼ਰਤ ਹੈ।

**ਦਸਮ ਦੁਆਰ ਦੀ ਹੋਂਦ—**

ਗੁਰਬਾਣੀ ਵਿਚ ਦਸਮ ਦੁਆਰ ਦੀ ਬਹੁਤ ਚਰਚਾ ਹੈ। ਗੁਰਬਾਣੀ ਵਿਚ ਇਸ ਦਾ ਵਰਨਣ ਦਸਮ

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੂਰਨ ਕਰਣੀ ਕਮਾਈ ਵਾਲੇ, ਤਿਆਰ-ਬਰ-ਤਿਆਰ ਪੰਜ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਦਾਤਿ ਪ੍ਰਾਪਤ ਕੀਤਿਆਂ।

---

[੪੫ ਸਫ਼ੇ ਦੀ ਬਾਕੀ]

## ਹਵਾਲੇ ਤੇ ਫੁਟਨੋਟ

੧. ਪੰਥ ਪ੍ਰਕਾਸ਼—ਪੰਨਾ ੫੭੬
ਡਾ. ਗੋਕਲ ਚੰਦ ਨਾਰੰਗ—ਟ੍ਰਾਂਸਫ਼ਾਰਮੇਸ਼ਨ ਆਫ਼ ਸਿਖਿਜ਼ਮ, ਸਫ਼ਾ ੨੦੭

੨. ਪੰਥ ਪ੍ਰਕਾਸ਼—ਸਫਾ ੫੭੬, ਨਾਰੰਗ—ਸਫ਼ਾ ੨੦੭

੩. ਪੰਥ ਪ੍ਰਕਾਸ਼—ਸਫ਼ਾ ੫੭੯



www.AKJ.Org

ਦੁਆਰ, ਗਗਨ ਮੰਡਲ, ਗਗਨਪੁਰ, ਅਗਮਪੁਰਾ, ਸ਼ਿਵਪੁਰੀ, ਸੁਖ ਮਹਲ, ਬੇਗਮਪੁਰਾ, ਸਚਖੰਡ ਆਦਿ ਸ਼ਬਦਾਂ ਦੁਆਰਾ ਕੀਤਾ ਮਿਲਦਾ ਹੈ, ਅੰਮ੍ਰਿਤ ਵੇਲੇ ਅੰਮ੍ਰਿਤ-ਬਾਣੀਆਂ ਦਾ ਨਿਤਨੇਮ ਕਰਦਿਆਂ ਅਨੰਦ ਸਾਹਿਬ ਦੀ ਅਠੱਤਵੀਂ ਪਉੜੀ ਵਿਚ ਹਰੇਕ ਗੁਰਸਿਖ ਹੇਠ ਲਿਖੀਆਂ ਪੰਗਤੀਆਂ ਦਾ ਪਾਠ ਨਿਤਾਪ੍ਰਤਿ ਕਰਦਾ ਹੈ—

ਹਰਿ ਜੀਉ ਗੁਫਾ ਅੰਦਰਿ ਰਖਿ ਕੈ, ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟੁ ਕੀਏ, ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ, ਇਕਨਾ ਦਸਵਾ ਦੁਆਰ ਦਿਖਾਇਆ ॥

ਕਿੰਨਾ ਸਪੱਸ਼ਟ ਹੈ ਕਿ ਨੌਂ ਪਰਗਟ ਦੁਆਰਿਆਂ ਵਾਲੀ ਇਸ ਸਰੀਰ-ਗੁਫਾ ਵਿਚ ਦਸਵਾਂ ਦੁਆਰਾ ਵਿਧਾਤਾ ਵਲੋਂ ਗੁਪਤ ਰਖਿਆ ਹੋਇਆ ਹੈ। ਜਿਥੇ ਸਾਰੀ ਲੁਕਾਈ ਨੌਂ ਦੁਆਰਿਆਂ ਦੇ ਸੁਆਦਾਂ ਵਿਚ ਰਚ ਕੇ ਜੀਵਨ-ਖੇਡਾਂ ਖੇਡ ਰਹੀ ਹੈ, ਉਥੇ ਵਿਧਾਤਾ ਪੁਰਖ ਕੁਝ ਵਡਭਾਗੀ ਜਗਿਆਸੂਆਂ ਨੂੰ ਪੂਰੇ ਗੁਰੂ ਦੀ ਸ਼ਰਨ ਪਾ ਕੇ, ਉਨ੍ਹਾਂ ਦੇ ਹਿਰਦੇ ਅੰਦਰ ਪੂਰੇ ਗੁਰੂ ਅਤੇ ਉਸ ਦੇ ਬਖਸ਼ੇ ਨਾਮ ਪ੍ਰਤੀ ਸ਼ਰਧਾ-ਭਾਵਨੀ ਪੈਦਾ ਕਰ ਕੇ, ਉਨ੍ਹਾਂ ਨੂੰ ਦਸਵਾਂ ਗੁਪਤ ਦੁਆਰਾ ਦਿਖਾ ਦੇਂਦਾ ਹੈ।

ਏਨੀ ਸਪੱਸ਼ਟਤਾਈ ਦੇ ਬਾਵਜੂਦ ਅੱਜ ਦੇ ਕੁਝ ਬੁਧੀ-ਜੀਵੀਏ ਗਿਆਨੀ ਤੇ ਅਕਲਈਏ ਵਿਆਖਿਆਕਾਰ 'ਦਸਮ ਦੁਆਰ' ਦੀ ਹੋਂਦ ਤੋਂ ਮੁਨਕਰ ਹਨ। ਕੋਈ ਆਖਦਾ ਹੈ ਕਿ ਗੁਰਬਾਣੀ ਵਿਚ ਆਇਆ 'ਦਸਮ ਦੁਆਰ' ਸ਼ਬਦ ਦਿਮਾਗ ਵਲ ਸੰਕੇਤ ਕਰਦਾ ਹੈ, ਕੋਈ ਆਖਦਾ ਹੈ ਕਿ ਇਹ ਯੋਗੀਆਂ ਦਾ ਮਨੋਕਲਪਤ ਅਸਥਾਨ ਹੈ, ਗੁਰਮਤਿ ਨਾਲ ਇਸ ਦਾ ਕੋਈ ਸੰਬੰਧ ਨਹੀਂ।

ਇਸੇ ਭੁਲੇਖੇ ਵਿਚ ਗ੍ਰਸੇ ਹੋਏ ਵਿਦਵਾਨ ਲੇਖਕ ਸ: ਗੁਰਸ਼ਰਨ ਸਿੰਘ ਨੇ 'ਖਾਲਸਾ ਸਮਾਚਾਰ(੧੯-੧੧-੯੨) ਵਿਚ "ਇਕ ਗੰਭੀਰ ਭੁਲੇਖਾ" ਸਿਰਲੇਖ ਥਲੇ ਇਕ ਲੇਖ ਦਿਤਾ ਹੈ, ਜਿਸ ਵਿਚ ਉਨ੍ਹਾਂ ਕਿਹਾ ਹੈ—

> "ਨਾਮ ਜਪਣ ਵਾਲੇ ਸਿਖ ਲਈ ਸਿਰ ਵਿਚਲੇ ਦਸਮ ਦਵਾਰ ਦੇ ਅੰਦਰ ਜਾਣ ਦਾ ਕੋਈ ਨਿਸ਼ਾਨਾ ਨਹੀਂ ਹੈ।.. ਸਿਰ ਵਾਲੇ ਦਸਮ ਦਵਾਰ ਵਿਚ ਜਾਣਾ ਤਾਂ ਹਠਯੋਗੀਆਂ ਦੀ ਨਕਲ ਕਰਨ ਵਾਲੀ ਗੱਲ ਹੈ।...ਦਸਮ ਦਵਾਰ ਤੋਂ ਅੰਮ੍ਰਿਤ ਚੋਣ ਦਾ ਵਿਸ਼ਾ ਵੀ ਹਠਯੋਗੀਆਂਦਾ ਹੈ।.. ਗੁਰਮਤਿ ਦਾ ਇਸ ਸਿਧਾਂਤ ਨਾਲ ਕੋਈ ਸੰਬੰਧ ਨਹੀਂ।"

ਲੇਖਕ ਭਾਈ ਜੋਧ ਸਿੰਘ ਜੀ ਦੇ ਸ਼ਬਦਾਂ ਅਨੁਸਾਰ ਅੰਤਹਕਰਨ ਵਿਚ ਨਿਰੰਕਾਰੀ ਜੋਤਿ ਦਾ ਵਾਸਾ ਦਸਦਾ ਹੋਇਆ, ਇਸੇ ਨੂੰ ਦਸਮ ਦੁਆਰ ਕਹਿੰਦਾ ਹੈ। ਲੇਖਕ ਦੇ ਵਿਚਾਰ ਅਨੁਸਾਰ ਸਿਰ ਵਿਚਲਾ ਦਸਮ ਦਵਾਰ ਸਿਖ ਦਾ ਨਿਸ਼ਾਨਾ ਨਹੀਂ, ਨਾ ਉਥੇ ਕੋਈ ਉਘਾੜ ਤੇ ਨਾ ਕੋਈ ਰੌਸ਼ਨੀ ਹੁੰਦੀ ਹੈ, ਨਾ ਅਨਹਦੀ ਅਵਾਜ਼ਾਂ ਸੁਣੀਦੀਆਂ ਹਨ ਅਤੇ ਨਾ ਕੋਈ ਅੰਮ੍ਰਿਤ ਧਾਰਾ ਚੋਂਦੀ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਨਿਜੀ ਤਜਰਬੇ ਵਿਚ ਪੇਖੀ-ਪਰਖੀ ਅਤੇ ਮਾਣੀ ਦਸਮ-ਦੁਆਰ ਖੇਡ ਦੇ ਅਧਾਰ ਤੇ ਲਿਖਦੇ ਹਨ—

> "ਦਸਮ ਦੁਆਰ ਖੁਲ੍ਹਣ ਦੀਆਂ ਦੋ ਪੱਕੀਆਂ ਨਿਸ਼ਾਨੀਆਂ ਹਨ : ਇਕ ਤਾਂ ਇਹ ਕਿ ਅੰਮ੍ਰਿਤ ਧਾਰ ਅਤਿ ਨਿਰਮਲ ਚੋਣ ਲਗ ਪੈਂਦੀ ਹੈ। ਦੂਜੇ ਅਤਿ ਅਚਰਜ ਸੁਆਦ ਵਾਲੀ ਅਨਹਦ ਧੁਨੀ ਦਾ ਬਿਸਮਾਦ ਰੰਗਾਂ ਵਾਲਾ ਅਗੰਮੀ ਨਾਦ ਸੁਣਨ ਲਗ ਪੈਂਦਾ ਹੈ। ਇਹ ਦੋਈ ਆਤਮ-ਅਨੰਦੀ ਘਟਨਾਵਾਂ ਤੱਤ ਲਖਤਾਵੀ ਤੱਤ ਵਾਪਰਨੀਆ ਪਰਤੱਖ ਪੇਖਣ ਸੁਣਨ ਵਿਚ ਆਈਆਂ ਅਤੇ ਆਉਣ ਯੋਗ ਸਹਜ ਬਿਵਸਥਾਵਾਂ ਹਨ। ਗੁਰਮਤਿ ਨਾਮ ਦੀ ਅਤੁੱਟ ਕਮਾਈ ਦੇ ਪ੍ਰਭਾਵ ਕਰਿ ਜਦੋਂ 'ਉਲਟਿਓ ਕਮਲੁ ਬ੍ਰਹਮ ਬੀਚਾਰਿ* ਵਾਲਾ ਅੰਕੂਰ ਸਫੁਟ ਹੁੰਦਾ ਹੈ ਤਦੋਂ "ਅੰਮ੍ਰਿਤ ਧਾਰ ਗਗਨਿ ਦਸ ਦੁਆਰਿ"* ਵਾਲਾ ਝਰਨ, ਝਰਦਾ ਹੈ ਅਤੇ "ਅੰਮ੍ਰਿਤ ਭੋਜਨੁ ਕਰੇ ਅਹਾਰੀ†" ਦਾ ਪਰਚਾ ਪੈਂਦਾ ਹੈ। ਅਤੇ—

*ਗਉੜੀ ਮ: ੫, ਪੰਨਾ ੧੫੩ †ਗਉੜੀ ਗੁਆ: ੫, ਪੰਨਾ ੧੮੧



www.AKJ.Org

ਗਗਨਿ ਰਸਾਲ ਚੁਐ ਮੇਰੀ ਭਾਠੀ ॥ ਸੰਚਿ ਮਹਾ ਰਸ ਤਨੁ ਭਇਆ ਕਾਠੀ ॥ [ਗਉੜੀ ਕਬੀਰ ਜੀ, ੩੨੮
ਰੂਪੀ ਤੱਤ ਰਸ ਗਿਆਨ ਵਿਚਾਰ ਵਾਲੇ ਸਹਜ ਪਦ ਦਾ ਜ਼ਹੂਰ ਹੁੰਦਾ ਹੈ। ਇਹ ਸਾਰੀ ਚਲਿਤ-ਕਉਤਕੀ ਖੇਡ ਕਾਇਆਂ ਅੰਦਰ ਹੀ ਹਸਤਾਮਲ ਵਤ ਵਰਤਦੀ ਹੈ। ਤਿਨ੍ਹਾਂ ਨੂੰ ਹੀ ਇਹ ਖੇਡ ਓਪਰੀ ਲਗਦੀ ਹੈ ਜਿਨ੍ਹਾਂ ਨੇ ਕਾਇਆਂ ਦੇਹੀ ਅੰਦਰ ਸੱਚਾ ਰਸ-ਜੋਤਿ-ਪ੍ਰਕਾਸ਼ ਅਨੰਦ ਦਾ ਲਹਿਰਾ ਨਹੀਂ ਮਾਣਿਆ ਹੁੰਦਾ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਕਰਨਹਾਰਿਆਂ ਨੂੰ ਹੀ ਇਹ ਲਹਿਰੇ ਪ੍ਰਾਪਤ ਹਨ।"

['ਅਨਹਦ ਸ਼ਬਦ ਦਸਮ ਦੁਆਰ', ਪੰਨਾ ੮-੯

**ਗੁਰਮਤਿ ਅਨਹਦ ਸ਼ਬਦ ਅਤੇ ਜੋਗੀਆਂ ਦਾ ਅਨਾਹਦ ਸ਼ਬਦ—**

ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਵਿਚ ਲਿਖਦੇ ਹਨ—

"ਗੁਰੂ ਘਰ ਦੇ ਅਨਿੰਨ ਉਪਾਸ਼ਕ ਅਤੇ ਗੁਰਮਤਿ ਦੇ ਸੱਚੇ ਸੁਚੇ ਪ੍ਰੇਮੀ, ਪੁੱਗੇ ਪਹੁੰਚੇ ਨਾਮ-ਰਸਕ ਬੈਰਾਗੀ ਜਨ ਨੂੰ ਹਠ-ਯੋਗ ਵਿਚ ਪਰਵਿਰਤ ਹੋਣ ਦੀ ਲੋੜ ਨਹੀਂ ਰਹਿੰਦੀ, ਉਹ ਤਾਂ ਪ੍ਰਾਣਾ-ਜਾਪੀ ਸ਼ਬਦ-ਰਸ-ਧ੍ਰਾਪੀ ਸਹਜ ਜੋਗ ਦੁਆਰਾ ਸੁਤੇ ਸਹਿਜ ਹੀ ਸਾਰੀਆਂ ਜੋਗ-ਮੰਜ਼ਲਾਂ ਤੈਅ ਕਰ ਲੈਂਦਾ ਹੈ। ਸੋਮਸਰ ਸੂਰਸਰ ਦੀਆਂ ਘਾਟੀਆਂ ਬਹੁ-ਵਾਟੀਆਂ ਨੂੰ ਬੇਮਲੂਮਾ ਹੀ ਛਲਾਂਗ ਕੇ ਲੰਘ ਜਾਂਦਾ ਹੈ ਅਤੇ ਸੁਗਮ ਹੀ ਬ੍ਰਹਮ ਜੋਤਿ ਵਿਖੇ ਜਾ ਮਿਲਦਾ ਹੈ। ਉਹ ਤਾਂ ਨਿਤਾਪ੍ਰਤਿ, ਖਿਨ ਪਲ ਘਟ ਅੰਤਰ ਹੀ ਅਮਿਉ-ਮਜਨੀ ਇਸ਼ਨਾਨ ਕਰਦਾ ਰਹਿੰਦਾ ਹੈ। ਉਸ ਦਾ ਸੁਰਤ-ਬਿਰਤੀਆ ਚਿਤ ਹਰ ਛਿਨ ਵਾਹਿਗੁਰੂ ਸੇਤੀ ਹੀ ਰਤਿਆ ਮਤਿਆ ਰਹਿੰਦਾ ਹੈ ਅਤੇ ਸੁੰਨ-ਸਮਾਧ ਵਿਚ ਉਸ ਦੀ ਸਮਾਈ ਹੋ ਜਾਂਦੀ ਹੈ। ਦਸਮ ਦੁਆਰ ਦੀ ਸਹਜ ਅਵਸਥਾ ਪ੍ਰਾਪਤ ਹੋਣ ਪਰ ਹੀ ਸੱਚੀ ਅਨਹਦ-ਝੁਨਕਾਰ-ਧੁਨੀ ਵਾਲੇ ਨਾਦ ਦਾ ਸੱਚ ਮੁੱਚ ਵਜਣਾ ਸੁਣਾਈ ਦੇਣ ਲਗ ਜਾਂਦਾ ਹੈ।" (ਪੰਨਾ ੧੨੬—੧੨੭)

ਗੁਰਮਤਿ ਅਨੁਸਾਰ ਅਨਹਦ ਸ਼ਬਦ, ਅਖੰਡ ਨਾਮ-ਕੀਰਤਨ ਦੀਆਂ ਅਨਾਹਤ ਧੁਨੀਆਂ ਦੀਆਂ ਝੁਨਕਾਰਾਂ ਸੁਣੀਦੀਆਂ ਹਨ; ਨਿਰੀਆਂ ਅਵਾਜ਼ਾਂ ਨਹੀਂ। ਅਨਮਤ ਵਾਲੇ ਜੋਗੀਆਂ ਦਾ ਜੋਗ ਕੇਵਲ ਅਵਾਜ਼ਾਂ ਦੀ ਸੁਣਾਈ ਤਕ ਹੀ ਸੀਮਤ ਹੈ।

ਰਾਧਾ ਸੁਆਮੀਆਂ ਦੀ ਘੂੰ ਘੂੰ ਤੋਂ ਤਾਂ ਹਠ ਜੋਗੜੀਆਂ ਦੀਆਂ ਇਹ ਅਨਹਦ ਅਵਾਜ਼ਾਂ ਬਹੁਤ ਉਚੇਰੀਆਂ ਹਨ, ਪਰੰਤੂ ਗੁਰਮਤਿ ਮਾਰਗ ਅੰਦਰ ਇਹ ਬਹੁਤ ਨਿਚਲੀਆਂ ਹਨ। ਅਨਹਦ ਸ਼ਬਦ ਲਿਵਤਾਰੀ ਅਤੇ ਰਸਕ ਰੀਸਾਲੂ ਰੰਗੀਸ਼ਰ ਗੁਰਮੁਖਾਂ ਨੂੰ ਇਹ ਅਵਾਜ਼ਾਂ ਫੋਕੀਆਂ ਲਗਦੀਆਂ ਹਨ।

ਨਾਮ ਰੰਗ ਰਤੇ ਕੀਰਤਨ ਪ੍ਰੇਮੀ ਗੁਰਮੁਖ ਜਨ ਸਿਰਫ ਬਾਜਿਆਂ ਗਾਜਿਆਂ ਤੇ ਨਹੀਂ ਪਤੀਜਦੇ। ਜਿਨ੍ਹਾਂ ਦੀ ਆਤਮ-ਅਧਾਰੀ ਖ਼ੁਰਾਕ ਕੇਵਲ ਕੀਰਤਨ-ਨਾਮ ਦੀ ਧੁਨਕਾਰ ਹੈ, ਉਹ ਦਸਮ ਦੁਆਰਿਓਂ, ਅਗਮ ਪੁਰਿਓਂ ਭੀ ਨਾਮ ਕੀਰਤਨ ਦੀਆਂ ਅਨਹਦ ਧੁਨੀਆਂ ਸੁਣ ਕੇ ਹੀ ਮਸਤ ਹੁੰਦੇ ਹਨ। ਐਰੇ ਗੈਰੇ ਬਜੰਤਰੀ ਬਾਜਿਆਂ ਦੀਆਂ ਧੁਨੀਆਂ ਉਨ੍ਹਾਂ ਨੂੰ ਨਾ ਹਿਤ ਚਿਤਾਉਂਦੀਆਂ ਹਨ ਤੇ ਨਾ ਹੀ ਸੁਖਾਉਂਦੀਆਂ ਹਨ।

ਗੁਰਮਤਿ ਸਹਜ ਜੋਗ ਅਤੇ ਅਨਮਤ ਹਠ ਜੋਗ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਹਠ ਜੋਗ ਦੁਆਰਾ ਤਾਂ ਨਾੜੀਆਂ ਦੇ, ਨਿਉਲੀ ਕਰਮ, ਨੇਤੀ, ਧੋਤੀ ਆਦਿ ਦੇ ਤੰਦਣ ਤਾਣੇ ਵਿਚ ਉਲਝਿਆ ਰਹਿਣਾ ਪੈਂਦਾ ਹੈ, ਅਤੇ ਫਿਰ ਵੀ ਤੱਤ ਵਸਤੂ ਹਾਸਲ ਨਹੀਂ ਹੁੰਦੀ। ਕਈ ਜੋਗੀ ਕੁੰਡਲਨੀ ਦਾ ਉਲਝਿਆ ਤਾਣਾ ਬਾਣਾ ਬੜੀਆਂ ਮੁਸ਼ਕਲਾਂ ਤੇ ਕਠਨ ਸਾਧਨਾਂ ਨਾਲ ਸੁਲਝਾ ਕੇ, ਦਸਮ ਦੁਆਰ ਅਪੜਿਆ ਅਨੁਮਾਨ ਕਰਦੇ ਹਨ। ਕਈ ਡੰਡ-ਮੇਰ ਕਮਰੋੜ (ਰੀੜ) ਦੀ ਹੱਡੀ ਥਾਣੀਂ ਦਸਮ ਦੁਆਰ ਪੁਜਿਆ ਪ੍ਰਮਾਣਦੇ ਹਨ। ਪਰ ਜੋਗੀਆਂ ਦਾ ਹਠ ਜੋਗ ਨਾਲ ਪ੍ਰਾਪਤ ਕੀਤਾ ਅਨੁਮਾਨਤ ਦਸਮ ਦੁਆਰ ਕੇਵਲ ਪਉਣ ਪੁਹਾਰਾ ਹੀ ਹੈ। ਏਥੇ ਨਾ ਜੋਤਿ ਦਾ ਲਿਸ਼ਕਾਰਾ (ਝਲਕਾਰਾ) ਹੈ, ਨਾ ਰਸ ਅੰਮ੍ਰਿਤ ਦੀ ਕੋਈ ਪੁਹਾਰ ਪੈਂਦੀ ਹੈ। ਨਾ ਹੀ ਏਥੇ ਪੁਜ ਕੇ ਉਨ੍ਹਾਂ ਦੀ ਲਿਵ-ਤਾਰ ਜੋਤੀ ਸਰੂਪ ਕਰਤਾਰ ਨਾਲ ਲਗਦੀ ਹੈ ਅਤੇ ਨਾ ਹੀ ਅੰਤਸ਼ਕਰਣੀ ਸੰਸਕਾਰਾਂ ਦਾ ਅਭਾਵ ਹੁੰਦਾ ਹੈ।

ਗੁਰਮਤਿ ਸਹਜ ਜੋਗ ਮਾਰਗ ਵਿਚ ਨਾ ਕੋਈ ਤਪਸ਼ ਹੈ ਨਾ ਤਕਲੀਫ,ਨਾ ਕੋਈ ਵਿੰਗ ਹੈ ਨਾ ਤੜਿੰਗ, *


www.AKJ.Org

# ਵਰਤਿਆ ਪਾਪ ਸਭਸ ਜਗ ਮਾਹੀ

ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਇਸ ਦੁਨੀਆ ਵਿਚ ਆਗਮਨ ਸਮੇਂ, ਮਨੁੱਖਤਾ ਦੀ ਜੋ ਦੁਰਦਸ਼ਾ ਸੀ, ਉਹ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਪਉੜੀ ੧੭ ਤੋਂ ੨੧, ੨੫, ੨੯ ਅਤੇ ੩੦ ਵਿਚ ਬੜੇ ਵਿਸਥਾਰ ਨਾਲ ਦਰਸਾਈ ਹੈ। ਉਸ ਵੇਲੇ ਚਾਰੋਂ ਤਰਫ਼ ਨਫ਼ਰਤ ਦਾ ਵਾਤਾਵਰਨ ਸੀ। ਜਦੋਂ ਵੀ ਕੋਈ ਰਾਜ-ਪਲਟਾ ਹੁੰਦਾ ਸੀ, ਚਾਰੋਂ ਤਰਫ਼ ਹਫੜਾ-ਦਫੜੀ ਮਚ ਜਾਂਦੀ ਸੀ। ਕੋਈ ਕਿਸੇ ਨੂੰ ਵਰਜਦਾ ਨਹੀਂ ਸੀ, ਜਿਸ ਨੂੰ ਜਿਸ ਤਰ੍ਹਾਂ ਆਏ, ਵਰਤਦਾ ਸੀ। ਅਗਿਆਨ ਦਾ ਪਸਾਰਾ ਸੀ। ਤੰਤ੍ਰ-ਮੰਤ੍ਰ ਪਾਖੰਡ ਦਾ ਜ਼ੋਰ ਸੀ। ਲੋਕੀ ਫੋਕਟ ਰਸਮਾਂ ਨੂੰ ਹੀ ਧਰਮ ਸਮਝੀ ਬੈਠੇ ਸਨ। ਮਨੁੱਖਤਾ ਜਾਤ-ਪਾਤ ਵਿਚ ਵੰਡੀ ਹੋਈ ਸੀ। ਬ੍ਰਾਹਮਣ ਅਤੇ ਮੌਲਾਣਿਆਂ ਦਾ ਹੀ ਜ਼ੋਰ ਸੀ, ਸੱਚ ਕਿਧਰੇ ਵੀ ਨਜ਼ਰ ਨਹੀਂ ਸੀ ਆਉਂਦਾ। ਜਤੀ-ਸਤੀ-ਵਰਤ-ਰੋਜ਼ੇ-ਤੀਰਥਾਂ ਆਦਿ ਵਿਚ ਮਨੁੱਖਤਾ ਉਲਝੀ ਹੋਈ ਸੀ। ਰਾਜੇ ਅਤੇ ਸਿਪਾਹੀ ਉਲਟੇ ਪਰਜਾ ਨੂੰ ਹੀ ਲੁਟਦੇ ਸਨ। ਰਿਸ਼ਵਤਾਂ ਅਤੇ ਵਢੀਆਂ ਤੋਂ ਬਗ਼ੈਰ ਕੋਈ ਕੰਮ ਨਹੀਂ ਸੀ ਹੁੰਦਾ। ਧਾਰਮਕ ਆਗੂਆਂ ਦਾ ਕੰਮ ਸਿਰਫ਼ ਮਾਇਆ ਕਮਾਉਣਾ ਹ ਰਹਿ ਗਿਆ ਸੀ।

ਠੀਕ ਉਸੇ ਸਮੇਂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਆਗਮਨ ਹੋਇਆ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

---

* ਨਾ ਕੋਈ ਅਟਕ ਹੈ ਨਾ ਅੜਿੰਗ। ਗੁਰਮਤਿ ਸਹਜ ਜੋਗ ਦਰਸਾਏ ਦਸਮ ਦੁਆਰ ਅੰਦਰ ਜੋਤਿ ਚਮਤਕਾਰ ਅਨਹਦ ਸ਼ਬਦ ਗੁੰਜਾਰੀ ਖੇਡ ਹੈ, ਹੋਰ ਕਿਤੇ ਨਹੀਂ।

ਹਠ ਜੋਗ ਅਤੇ ਗੁਰਮਤਿ ਜੋਗ ਦੇ ਫ਼ਰਕ ਨੂੰ ਸੌਖਾ ਸਮਝਣ ਲਈ ਅੰਗੀਠੀ ਦੀ ਮਿਸਾਲ ਦੇਣੀ ਠੀਕ ਹੋਵੇਗੀ। ਅੰਗੀਠੀ ਵਿਚ ਜੋ ਹੇਠਲਾ ਹਿੱਸਾ ਸੁਆਹ ਡਿਗਣ ਵਾਲਾ ਹੈ ਉਹ ਜੋਗੀਆਂ ਦੇ ਹਠ ਜੋਗ ਵਾਲਾ ਦਸਮ ਦੁਆਰ ਹੈ। ਭਾਵ, ਜੋਗੀਆਂ ਦਾ ਦਸਮ ਦੁਆਰ ਹੇਠਲਾ ਪੁਲਾੜ ਹੈ, ਜਿਸ ਵਿਚ ਬੰਸਰੀ, ਛੈਣੇ, ਬਦਲ ਦੀ ਗਰਜ, ਸੰਖ ਤੇ ਘੰਟੇ ਬਜਣ ਦੀਆਂ ਅਵਾਜ਼ਾਂ ਸੁਣੀਦੀਆਂ ਹਨ। ਪਰ "ਤਿਹ ਸਿਲ ਊਪਰਿ ਖਿੜਕੀ ਅਉਰ ॥ ਖਿੜਕੀ ਊਪਰਿ ਦਸਵਾ ਦੁਆਰ"* ਦੇ ਵਾਕ ਅਨੁਸਾਰ ਇਸ ਤੋਂ ਉਪਰਲੇ ਤਾਕ ਖੁਲ੍ਹਣ ਪਰ ਅਸਲੀ ਦਸਮ ਦੁਆਰ ਵਿਚ ਪੁਜੀਦਾ ਹੈ, ਜਿਥੇ ਨਾਮ ਬਾਣੀ ਦੀਆਂ ਅਨਾਹਤ ਧੁਨੀਆਂ ਸੁਣੀਦੀਆਂ ਹਨ, ਜੋ ਅਸਲ ਅਨਾਹਦ ਸ਼ਬਦ ਹੈ। ਇਥੇ ਆ ਕੇ ਪਰਮਾਤਮਾ ਦਾ ਦਰਸ-ਝਲਕਾ ਵਜਦਾ ਹੈ ਅਤੇ ਸਚਖੰਡ ਨਾਲ ਸੰਬੰਧ (ਕੁਨੈਕਸ਼ਨ) ਜੁੜ ਜਾਂਦਾ ਹੈ।

**ਗੁਰਮੁਖ ਜੋਗੀ–**

"ਗੁਰਮਤਿ ਦਾ ਸਿਰਲੱਥ ਸ਼ਰਧਾਲੂ, ਨਾਮ ਮਹਾ ਰਸ ਦੀਆਂ ਉਚੀਆਂ ਉਡਾਰੀਆਂ ਵਾਲਾ ਗੁਰਸਿਖ, ਸ਼ਬਦ ਕਮਾਈਆਂ ਕਰਦਾ ਅਨਾਹਦ ਨਾਮ ਕੀਰਤਨ ਰੰਗਾਂ ਵਿਚ ਰੰਗਿਆ ਜਾਂਦਾ ਹੈ ਤੇ ਕੀਰਤਨ ਧੁਨੀਆਂ ਦੇ ਅਨਹਦ ਅਖਾੜਿਆਂ ਵਿਚ ਹੀ ਖੇਡਦਾ ਰਹਿੰਦਾ ਹੈ।" ['ਅਨਹਦ ਸ਼ਬਦ ਦਸਮ ਦੁਆਰ', ਪੰਨਾ ੧੨੯]

"ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸੁਕ੍ਰਿਤ ਕਰਣੀ ਕਰਨ ਵਾਲੇ, ਸਰੇਸ਼ਟ ਬੁਧੀ ਵਾਲੇ ਜਾਗਦੇ ਜੋਗੀ ਗੁਰਮੁਖ ਜਨ, ਕਲਿਆਣ ਰੂਪ ਪਰਮੇਸ਼ਰ ਪਰਮਾਤਮਾ ਦੇ ਨਗਰ 'ਦਸਮ ਦੁਆਰ' ਵਿਚ ਸਾਕਸ਼ਾਤ ਦੀਦਾਰ ਹੇਤ ਨਿਵਾਸ ਕਰਦੇ ਹਨ, ਹੋਰ ਕੋਈ ਪ੍ਰਯੋਜਨ ਨਹੀਂ ਤਿਨ੍ਹਾਂ ਦੇ ਦਸਮ ਦੁਆਰ ਨਿਵਾਸ ਕਰਨ ਦਾ। ਦਸਮ ਦੁਆਰ ਪੁੱਗਿਆਂ ਤਿਨ੍ਹਾਂ ਨੂੰ ਜੋਤੀ ਸਰੂਪ ਵਾਹਿਗੁਰੂ ਦਾ ਸਾਕਸ਼ਾਤ ਦੀਦਾਰਾ ਹੁੰਦਾ ਹੈ।"

('ਅਨਹਦ ਸ਼ਬਦ ਦਸਮ ਦੁਆਰ' ਪੰਨਾ ੧੩੨–੩੩)

---

*ਭੈਰਉ ਕਬੀਰ ਜੀ, ਪੰਨਾ ੧੧੫੯



www.AKJ.Org

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਇਆ ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥

ਸਾਰੇ ਸੰਸਾਰ ਵਿਚ ਰੋਸ਼ਨੀ ਛਾ ਗਈ, ਠੰਢ ਵਰਤ ਗਈ। ਗਿਆਨ ਦਾ ਚਾਨਣ ਹੋਇਆ। ਮਨੁੱਖ ਨੂੰ ਮਨੁੱਖਤਾ ਦੀ ਸੂਝ ਆਈ। ਇਸ ਇਨਕਲਾਬ ਨੂੰ ਪੂਰਾ ਕਰਨ ਲਈ ਬਾਬੇ ਨਾਨਕ ਨੂੰ ਪੂਰੇ ੨੩੯ ਸਾਲ ਲਗੇ। ਖਾਲਸਾ ਤਿਆਰ ਹੋਇਆ—ਇਕ ਸ੍ਰੇਸ਼ਟ ਮਨੁੱਖ। ਲੋਕਾਈ ਨੇ ਆਸ ਲਗਾਈ। ਖ਼ਾਲਸਾ ਪੂਰਾ ਉਤਰਿਆ।

(੨)

ਪਰ ਅੱਜ ਲਗਦਾ ਹੈ, ਉਹ ਰੋਸ਼ਨੀ ਫਿਰ ਮੱਧਮ ਪੈ ਗਈ ਹੈ, ਜਿਵੇਂ ਉਸ ਨੂੰ ਗ੍ਰਹਿਣ ਲਗ ਗਿਆ ਹੋਵੇ। ਅੱਜ ਲੋਕ ਈ ਪੁਛਦੀ ਹੈ, ਉਹ ਖਾਲਸਾ ਕਿੱਥੇ ਹੈ ? ਉਹ ਚਿਰਾਗ ਕਿੱਥੇ ਹੈ, ਜਿਸ ਨਾਲ ਹਨੇਰਾ ਦੂਰ ਹੋ ਸਕੇ ? ਅੱਜ ਮਨੁੱਖਤਾ ਪ੍ਰੇਸ਼ਾਨ ਹੈ, ਦੁਖੀ ਹੈ, ਚਿਰਾਗ ਦੀ ਆਸ ਵਿਚ ਮਾਯੂਸ ਬੈਠੀ ਹੈ। ਅੱਜ ਦੇ ਹਾਲਾਤ ਕਿਸੇ ਵੀ ਤਰ੍ਹਾਂ ਚੋਧਵੀਂ-ਪੰਦਰਵੀਂ ਸਦੀ ਦੇ ਹਾਲਾਤ ਤੋਂ ਘਟ ਨਹੀਂ। ਅਜ ਵੀ ਮਨੁੱਖਤਾ ਈਰਾਨ, ਇਰਾਕ, ਫ਼ਿਜ਼ੀ, ਫ਼ਿਲੀਪਾਈਨ, ਸ੍ਰੀ ਲੰਕਾ, ਦੱਖਣੀ ਅਫ਼ਰੀਕਾ, ਅਫ਼ਗਾਨਿਸਤਾਨ, ਲੇਬੇਨਾਨ, ਚੀਨ, ਵੀਅਤਨਾਮ, ਕੰਪੂਚੀਆ ਆਦਿ ਵਿਚ ਜੰਗਾਂ ਵਿਚ ਉਲਝੀ ਹੈ। ਰੰਗ ਨਸਲ-ਧਰਮ-ਭਾਸ਼ਾ-ਜਾਤ-ਪਾਤ ਦੇ ਅਧਾਰ ਤੇ ਮਨੁੱਖਤਾ ਉਲਝੀ ਹੈ। ਇਨ੍ਹਾਂ ਅਧਾਰਾਂ ਤੇ ਭੇਦ ਭਾਵ ਅੱਜ ਵੀ ਕੀਤਾ ਜਾਂਦਾ ਹੈ। ਅਗਿਆਨਤਾ ਕਾਰਨ ਅੱਧੀ ਮਨੁੱਖਤਾ ਨਾਸਤਕ ਹੋਈ ਬੈਠੀ ਹੈ। ਅੱਜ ਵੀ ਔਰਤਾਂ ਸਤੀ ਹੁੰਦੀਆਂ ਹਨ। ਲੜਕੀ ਪੈਦਾ ਹੋਣ ਤੇ ਅੱਜ ਵੀ ਦੁਖ ਮਨਾਇਆ ਜਾਂਦਾ ਹੈ। ਹੁਕਮਰਾਨਾਂ ਵਾਸਤੇ ਅੱਜ ਵੀ ਯੱਗ ਕਰਾਏ ਜਾਂਦੇ ਹਨ। ਸੁੱਕਾ ਪੈਣ ਦੇ ਬਾਵਜੂਦ ਇਨ੍ਹਾਂ ਯੱਗਾਂ ਵਾਸਤੇ ਲੱਖਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ। ਇਕ ਪਾਸੇ ਕਾਲ ਪੈ ਰਿਹਾ ਹੈ, ਦੂਜੇ ਪਾਸੇ ਨਾਚ ਗਾਣੇ ਹੋ ਰਹੇ ਹਨ। ਰਿਸ਼ਵਤਾਂ ਦਾ ਬਾਜ਼ਾਰ ਅੱਜ ਵੀ ਗਰਮ ਹੈ। ਲੋਕਾਈ ਟੈਕਸਾਂ ਦੇ ਭਾਰ ਥੱਲੇ ਦਬ ਰਹੀ ਹੈ, ਪਰ ਹੁਕਮਰਾਨ ਅਤੇ ਅਫ਼ਸਰ, ਜਨਤਾ ਦੀ ਖ਼ੂਨ-ਪਸੀਨੇ ਦੀ ਕਮਾਈ ਨਾਲ ਐਸ਼ੋ ਇਸ਼ਰਤ ਵਿਚ ਡੁਬੇ ਹਨ। ਅੱਜ ਵੀ ਜੰਤ੍ਰ-ਮੰਤ੍ਰ ਪਾਖੰਡ ਦਾ ਬੋਲ-ਬਾਲਾ ਹੈ। ਲੋਕ ਇਸੇ ਨੂੰ ਹੀ ਧਰਮ ਸਮਝੀ ਬੈਠੇ ਹਨ। ਨਿਰਦੋਸ਼ ਜੇਲ੍ਹਾਂ ਵਿਚ ਸੜ ਰਹੇ ਹਨ, ਪਰ ਦੋਸ਼ੀ ਰਾਜ-ਭਾਗ ਦਾ ਆਨੰਦ ਮਾਣ ਰਹੇ ਹਨ। ਬਹੁ-ਗਿਣਤੀ ਅਨਪੜ੍ਹ ਹੈ। ਕੁਝ ਕੁ ਗਿਣਤੀ ਦੇ ਲੋਗ, ਆਮ ਜਨਤਾ ਨੂੰ ਸਮਝ ਨਾ ਆਉਣ ਵਾਲੀ ਬੋਲੀ ਦੇ ਸਹਾਰੇ ਬਹੁ-ਗਿਣਤੀ ਤੇ ਕਾਬਜ਼ ਹਨ। 'ਫੁਟ ਪਾਓ ਤੇ ਰਾਜ ਕਰੋ' ਦੀ ਨੀਤੀ ਅਧੀਨ, ਰਾਜਨੀਤਕ ਲੋਕ, ਜਨਤਾ ਨੂੰ ਆਪਸ ਵਿਚ ਉਲਝਾਈ ਰਖਦੇ ਹਨ। ਸਾਧਨਾਂ ਦੀ ਠੀਕ ਵੰਡ ਨਾ ਹੋਣ ਕਾਰਨ ਅਮੀਰ ਗ਼ਰੀਬ ਦੀ ਖਾਈ ਦਿਨ ਪ੍ਰਤੀ ਚੌੜੀ ਹੁੰਦੀ ਜਾ ਰਹੀ ਹੈ।

ਅੱਜ ਦੇ ਹਾਲਾਤ ਵਿਚ ਖ਼ਾਲਸਾ ਗੁਰਮਤਿ ਦੀ ਰੋਸ਼ਨੀ ਵਿਚ ਮਨੁੱਖਤਾ ਨੂੰ ਅਗਵਾਈ ਦੇ ਸਕਦਾ ਸੀ, ਪਰ ਅਫ਼ਸੋਸ ਹੈ ਕਿ ਕੋਈ ਸਮਝਦਾਰ ਲੀਡਰ ਨਾ ਮਿਲਣ ਕਰਕੇ ਖ਼ਾਲਸਾ ਇਹ ਅਗਵਾਈ ਆਪਣੇ ਹੱਥਾਂ ਵਿਚ ਨਾ ਲੈ ਸਕਿਆ। ਅੱਜ ਗੁਰੂ ਨਾਨਕ ਸਾਹਿਬ ਸਾਡੇ ਵਿਚ ਮੌਜੂਦ ਹਨ। ਦਸਾਂ ਗੁਰਾਂ ਦੀ ਜੋਤਿ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮੌਜੂਦ ਹੈ। ਜ਼ਰੂਰਤ ਹੈ, ਸਿਰਫ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਵਾਈ ਲੈ ਕੇ ਅਗੇ ਵਧਣ ਦੀ ਥੋੜ੍ਹੀ ਜਿਹੀ ਹਿੰਮਤ ਕਰਨ ਦੀ। ਖ਼ਾਲਸੇ ਦੀ ਪੁਰਾਣੀ ਸ਼ਾਨ ਵਾਪਸ ਆਉਣ ਵਿਚ ਦੇਰ ਨਹੀਂ ਲਗੇਗੀ। [ਐਡੀਟਰ 'ਸਿਖ ਸੰਜੋਗ' ਪੰਦਰਵਾੜਾ, ਨਵੀਂ ਦਿੱਲੀ, ੫ ਤੋਂ ੧੯ ਨਵੰਬਰ

---


## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਦਸ ਰੁਪਏ


www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗੁਪਤ ਸੇਵਾ ੫੦੦-੦੦ ਗੁਪਤ ਸੇਵਾ | ੧੦੦੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਦਰਸ਼ਨ ਸਿੰਘ ਮੂਲੀਆਂ ਵਾਲ | ੫੦-੦੦੦ | ਭਾ: ਇੰਦਰ ਸਿੰਘ ਸ਼ਿਮਲਾ ਮਦਰਾਸੀ ਪ੍ਰਵਾਰ ਲਈ | ੧੨੦੦-੦੦ |
| ਬੀਬੀ ਜ਼ਸਬੀਰ ਕੌਰ ਬੱਗਾ ਲੁ ਧਿਆਣਾ | ੧੦੦-੦੦ | ਭਾਈ ਦਰਸ਼ਨ ਸਿੰਘ ਜਲੰਧਰ | ੧੧-੦੦ |
| ਸ: ਦੁਰਲਭ ਸਿੰਘ ਅਮਰਜੀਤ ਸਿੰਘ U.S.A. | ੫੦੦-੦੦ | ਬੀਬੀ ਜੈਕੌਰ ਆਦਮਪੁਰ | ੧੦੧-੦੦ |
| ਸ: ਪਰਦੁੱਮਨ ਸਿੰਘ ਜਲੰਧਰ | ੧੦੦-੦੦ | ਸ: ਭਜਨ ਸਿੰਘ ਸਕਾਟਲੈਂਡ | ੫੦੦੦-੦੦ |
| ਸ: ਮੋਹਨ ਸਿੰਘ ਬੁਲੇਂਵਾਲ | ੪੦੦-੦੦ | ਸਾਧ ਸੰਗਤ ਸਿਖ ਟੈਂਪਲ ਡਰੈਟਫੋਰਡ ਕੈਂਟ | ੨੫੫੦-੦੦ |
| ਸ: ਜਸਵੰਤ ਸਿੰਘ ਕਨੇਡਾ | ੯੦੦੦-੦੦ | ਸ: ਗਿਆਨ ਸਿੰਘ ਪ੍ਰਦੇਸੀ ਗ੍ਰੇਵਜੈਂਡ ਕੈਂਟ | ੪੩੫੦-੦੦ |
| ਸਾਧ ਸੰਗਤ ਗ੍ਰੇਵਜੈਂਡ ਕੈਂਟ | ੫੯੦੦-੦੦ | ਗੁਪਤ ਸੇਵਾ ੫੦੦-੦੦ ਗੁਪਤ ਸੇਵਾ | ੩੦੦-੦੦ |
| ਬੀਬੀਆਂ ਚੈਟਹਮ ਕੈਂਟ | ੨੫੦੦-੦੦ | ਸ: ਰਣਜੀਤ ਸਿੰਘ ਰਾਮਪੁਰ | ੭੦੦-੦੦ |
| ਸ: ਪਰਗਟ ਸਿੰਘ ਮੁਕਤਸਰ | ੩੩੫-੦੦ | ਭਾਈ ਜੋਰਾਵਰ ਸਿੰਘ ਜਲੰਧਰ | ੧੦੦-੦੦ |
| ਸਾਧ ਸੰਗਤ ਪੂਨਾ | ੧੯੦-੦੦ | ਭਾਈ ਨਾਨਕ ਸਿੰਘ ਪੂਨਾ | ੨੯੦-੦੦ |
| ਗੁਪਤ ਸੇਵਾ | ੧੧੦੦੦-੦੦ | ਸ: ਪਰਦੀਪ ਸਿੰਘ ਰਾਇਪੁਰ | ੭੫-੦੦ |
| ਸ: ਬਲਦੇਵ ਸਿੰਘ ਸੰਧੂ ਲੁਧਿਆਣਾ | ੭੦੦-੦੦ | ਬੀਬੀ ਮਨਜੀਤ ਕੌਰ ਲੁਧਿਆਣਾ | ੧੦੦-੦੦ |
| ਭਾ: ਨਿਰਮਲ ਸਿੰਘ ਅੰਮ੍ਰਿਤਸਰ(ਚੜ੍ਹਾਵਾ ਸਮਾਗਮ) | ੧੭੬-੮੫ | ਸ: ਅਮਰਜੀਤ ਸਿੰਘ ਲੁਧਿਆਣਾ | ੩੦੦-੦੦ |
| | | ਭਾਈ ਮਾਨ ਸਿੰਘ ਅੰਮ੍ਰਿਤਸਰ | ੫੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਭਾਈ ਮਹਿੰਦਰ ਸਿੰਘ ਪਿੰਡ ਕਾਕੜ ਪੁੱਤਰ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |
| ਭਾ: ਮੁਖਤਿਆਰ ਸਿੰਘ ਪੁਤਰ ਸ: ਬਾਵਾ ਸਿੰਘ ਝਬਾਲ ਐਕਸੀਡੈਂਟ ਨਾਲ ਸਰੀਰ ਨਕਾਰਾ ਇਲਾਜ ਲਈ | ੫੦੦੦-੦੦ |
| ਬੀਬੀ ਦਲਬੀਰ ਕੌਰ ਪਤਨੀ ਸ: ਮੁਖਤਿਆਰ ਸਿੰਘ ਸੁਲਤਾਨਵਿੰਡ ਬਰਸੀ ਲਈ ਅਤੇ ਘਰੇਲੂ ਲੋੜਾਂ | ੫੦੦੦-੦੦ |
| ਭਾ: ਦੇਵ ਸਿੰਘ ਪਿੰਡ ਹਵਾਰਾ ਕਲਾਂ ਦੋ ਭਰਾ ਸ਼ਹੀਦ ਅਤੇ ਇਕ ਸਖਤ ਬੀਮਾਰ ਇਲਾਜ ਲਈ ,, ,, | ੭੦੦੦-੦੦ |
| ਬੀਬੀ ਨਰਿੰਦਰ ਕੌਰ ਪਤਨੀ ਭਾਈ ਗੁਰਨਾਮ ਸਿੰਘ ਮੱਖੀ ਪਤੀ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਜਗੀਰ ਕੌਰ ਮਾਤਾ ਸ਼ਹੀਦ ਭਾਈ ਲਖਵਿੰਦਰ ਸਿੰਘ ਚਕ ਕਮਾਲ ਖਾਂ ਪੁਤਰ ਸ਼ਹੀਦ ,, ,, | ੫੦੦੦-੦੦ |
| ਬੀਬੀ ਸੁਰਜੀਤ ਕੌਰ ਪਤਨੀ ਸ਼ਹੀਦ ਭਾਈ ਦਲੀਪ ਸਿੰਘ ਅੰਮ੍ਰਿਤਸਰ ਪਤੀ ਸ਼ਹੀਦ ਘਰੇਲੂ ਲੋੜਾ | ੫੦੦੦-੦੦ |
| ਸ: ਇੰਦਰ ਸਿੰਘ ਪਿਤਾ ਭਾਈ ਬਲਜੀਤ ਸਿੰਘ ਹਟੋਲ ਪੁਤਰ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |
| ਭਾਈ ਰਮਿੰਦਰਪਾਲ ਸਿੰਘ ਸਪੁੱਤਰ ਸ: ਹਰਚਰਨ ਸਿੰਘ ਅੰਮ੍ਰਿਤਸਰ ਜੋਧਪੁਰ ਜੇਲ੍ਹ ਵਿਚ ਕੈਦ ਕੱਟੀ ਪੁਲਸ ਤਸ਼ਦਦ ਕਾਰਨ ਸਰੀਰ ਨਕਾਰਾ ਇਲਾਜ ਲਈ | ੫੦੦੦-੦੦ |
| ਮਾਤਾ ਕਰਤਾਰ ਕੌਰ ਪਤਨੀ ਸ: ਗੁਜਰ ਸਿੰਘ ਭੀਲੋਂਵਾਲ ਪੁਤਰ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |
| ਮਾਤਾ ਪ੍ਰਸਿੰਨ ਕੌਰ ਪਤਨੀ ਸ: ਉਜਾਗਰ ਸਿੰਘ ਪਧਰੀ ਪੁਤਰ ਸ਼ਹੀਦ ਘਰੇਲੂ ਲੋੜਾਂ | ੫੦੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਬਲਦੇਵ ਸਿੰਘ ਸਾਧੂਵਾਲ | ੧੦੦-੦੦ | ਸ: ਉਜਾਗਰ ਸਿੰਘ ਜਲੰਧਰ | ੫੦-੦੦ |
| ਭਾ: ਪਰਮਜੀਤ ਸਿੰਘ ਸਾਬਾਲ | ੫੦੦-੦੦ | ਗੁਪਤ ਦਾਨ | ੧੦੧-੦੦ |
| ਭਾ: ਇੰਦਰ ਸਿੰਘ ਸ਼ਿਮਲਾ | ੨੫੦-੦੦ | ਗੁਪਤ ਦਾਨ | ੧੦੧-੦੦ |
| ਬੀਬੀ ਸੁਖਵਿੰਦਰ ਕੌਰ ਬਿਹਾਰੀਪੁਰ | ੧੦੦-੦੦ | ਸ: ਸੁਖਵਿੰਦਰ ਸਿੰਘ ਜੈਪੁਰ | ੧੦੦-੦੦ |
| ਗੁਪਤ ਦਾਨ ੨੦੦-੦੦ ਗੁਪਤ ਸੇਵਾ | ੩੨੩-੮੦ | ਗੁਰੂ ਕਾ ਸੇਵਾਦਾਰ ਜੋਧਪੁਰ | ੧੦੦-੦੦ |

# ਪਾਠਕ ਨੋਟ ਕਰਨ

੧. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ। ਚਿੱਟ ਨੰਬਰ ਨੋਟ ਕਰੋ ਅਤੇ ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗ਼ਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।

੨. ਪਰਚਾ ੧੫ ਤਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਉ।

੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

੫. ਪਰਦੇਸੀ ਵੀਰ ਸੂਰਾ ਨੂੰ ਡਰਾਫ਼ਟ ਜਾਂ ਮਨੀਆਰਡਰ ਕੇਵਲ ਇੰਡੀਅਨਕਰੰਸੀ (ਰੁਪਿਆਂ) ਵਿਚ ਭੇਜਣ। ਪਰਦੇਸੀ ਕਰੰਸੀ ਕੈਸ਼ ਕਰਾਣਉ ਬਦਲੇ ਬੈਂਕ ਬਹੁਤ ਜਿਆਦਾ ਕਟੌਤੀ (੫੦ ਡਾਲਰ, ੨੫ ਪੌਂਡ ਪ੍ਰਤੀ ਡਰਾਫ਼ਟ) ਕਰਦੇ ਹਨ।

www.AKJ.Org

# ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼ ਉਤਸ਼ਵ ਸਮਾਗਮ

**29 ਦਸੰਬਰ 1992 ਮੰਗਲਵਾਰ ਸਵੇਰ ਤੋਂ 1 ਜਨਵਰੀ 1993 ਸ਼ੁਕਰਵਾਰ ਸਵੇਰ ਤਕ**

ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਸਦਾ ਵਾਂਗ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ–

**29.12.92** ਸਵੇਰੇ ਆਸਾ ਦੀ ਵਾਰ 4-30 ਤੋਂ 7-30, ਉਪਰੰਤ ਅਰੰਭ ਸ੍ਰੀ ਅਖੰਡਪਾਠ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ
ਸ਼ਾਮ ਅਖੰਡ ਕੀਰਤਨ 5-30 ਤੋਂ 8-30 ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ

**30.12.92** ਸਵੇਰੇ 6-00 ਤੋਂ 12-00 ਅਖੰਡ ਕੀਰਤਨ ਭਾ:ਸਾ:ਰਣਧੀਰ ਸਿੰਘ ਟ੍ਰਸਟ, ਐਫ.ਬਲਾਕ ਭਾ:ਸਾ: ਰਣਧੀਰਸਿੰਘ ਨਗਰ
ਸ਼ਾਮ ਅਖੰਡ ਕੀਰਤਨ 5-30 ਤੋਂ 8-30 ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ

**31-12-92** ਸਵੇਰੇ 6-30 ਵਜੇ ਭੋਗ ਅਖੰਡਪਾਠ, ਉਪਰੰਤ ਕੀਰਤਨ ਦੁਪਹਿਰ ਤਕ, ਦੁਪਹਿਰ ਪਿਛੋਂ ਅੰਮ੍ਰਿਤ-ਸੰਚਾਰ,
ਸ਼ਾਮ 6-30 ਰੈਣ ਸਬਾਈ ਕੀਰਤਨ ਅਰੰਭ । 1 ਜਨਵਰੀ 1993 ਸਵੇਰੇ 6 ਵਜੇ ਸਮਾਪਤੀ ।

ਨੋਟ – (੧) ਕੀਰਤਨ ਅਸਥਾਨ ਤੇ ਰਿਹਾਇਸ਼ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ । (੨) ਬਿਸਤਰੇ ਜ਼ਰੂਰ ਲਿਆਓ ਜੀ

ਦਰਸ਼ਨ ਅਭਿਲਾਖੀ ਦਾਸਰੇ––ਅਖੰਡ ਕੀਰਤਨੀ ਜਥਾ, ਲੁਧਿਆਣਾ

---

**ਮਾਸਕ ਰੈਣ ਸਬਾਈ ਕੀਰਤਨ ਗੁ: ਬਾਬਾ ਦੀਪ ਸਿੰਘ ਜੀ. ਡਾਬਾ ਰੋਡ, ਲੁਧਿਆਣਾ 12 ਦਸੰਬਰ 92**

**ਧਾਮੀਆਂ ਖ਼ੁਰਦ (ਨੇੜੇ ਬੁਲ੍ਹੋਵਾਲ), ਗ੍ਰਹਿ ਭਾ: ਕਰਮ ਸਿੰਘ, 12 ਦਸੰਬਰ, ਰੈਣ ਸਬਾਈ ਕੀਰਤਨ**

**ਨਵਾਂ ਪਿੰਡ ਮਿਲਖੀ ਵਾਲਾ(ਬਟਾਲਾ ਕਲਾਨੌਰ ਰੋਡ).ਗ੍ਰਹਿ ਭਾ: ਸੋਹਣ ਸਿੰਘ, 12 ਦਸੰਬਰ, ਰੈਣ ਸਬਾਈ**

**ਮੋਰਿੰਡਾ ਖੰਡ ਮਿਲ, ਗੁਰਦੁਆਰਾ ਸਾਹਿਬ ਵਿਖੇ ਰੈਣ ਸਬਾਈ ਕੀਰਤਨ 12 ਦਸੰਬਰ**

**ਗੁ: ਗਰਨਾ ਸਾਹਿਬ ਪਾ: ੬ (ਨੇੜੇ ਦਸੂਹਾ) 19 ਦਸੰਬਰ ਸਵੇਰੇ ਭੋਗ ਅਖੰਡਪਾਠ, ਰਾਤ ਰੈਣ ਸਬਾਈ**

**ਫਰੀਦਕੋਟ ਗੁ: ਖਾਲਸਾ ਦੀਵਾਨ (ਹੁੱਕੀ ਵਾਲਾ ਚੌਕ) ਰੈਣ ਸਬਾਈ ਕੀਰਤਨ, ਅੰਮ੍ਰਿਤ ਸੰਚਾਰ,19ਦਸੰਬਰ**

**ਪੀਲੀਭੀਤ, ਗੁ: ਸੰਗਤਪੁਰਾ ਨੇੜੇ ਰੇਲਵੇ ਸਟੇਸ਼ਨ, ਵਰਿਆਮ ਸਿੰਘ,੨੬ਦਸੰਬਰ, ਅਖੰਡਪਾਠ, ਰੈਣ ਸਬਾਈ**

**ਰਾਮਪੁਰ ਖੇੜਾ (ਨੇੜੇ ਗੜ੍ਹਦੀ ਵਾਲਾ) ਬਾਬਾ ਹਰਨਾਮ ਸਿੰਘ ਜੀ ਦੀ ਯਾਦ ਵਿਚ 3.1.93 ਰੈਣ ਸਬਾਈ**

**ਭਕਨਾ (ਅੰਮ੍ਰਿਤਸਰ) ਗੁਰਦਵਾਰਾ ਅੱਡੇ ਵਾਲਾ, ਦਿਵਸ ਸੁਹੇਲਾ 6 ਦਸੰਬਰ**

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਮਿਤੀ **9-1-93** ਨੂੰ ਗੁਰਦਵਾਰਾ ਗੁਰੂ ਗੋਬਿੰਦ ਸਿੰਘ, ਲੀਡਜ਼ ਰੋਡ, ਬਰੈਡ ਫੋਰਡ–3,
ਗੁਰਦਵਾਰਾ ਫੋਨ–**0274-727929**, ਭਾਈ ਰਵਿੰਦਰ ਸਿੰਘ **0274-491351**

**ਯੂ ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ** (ਫ਼ੋਨ : 0734-262900)

*Bhai Gurnam Singh, 10-Lambourne Gardens, Earley Reading, Berk, U.R.*

**ਯੂ. ਕੇ. ਵਿਚ ਪੁਸਤਕਾਂ––** ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੰਗਵਾਓ । ਡਾਕ ਖਰਕ ਪਹਿਲਾਂ ਭੇਜੋ —

*Bhai Madan Singh, 11-Apollo Way, Perry Bar, Birmingham-21, 3 N.D. (U.K.)*

ਮਨੀਆਰਡਰ, ਬੈਂਕ ਡਰਾਫ਼ਤ ਤੇ ਚਿੱਠੀ ਪੱਤਰ ਭੇਜਣ ਦਾ ਪਤਾ —

**'ਸੂਰਾ' ਮੰਥਲੀ. ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org